People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper **22 ਜੂਨ 2025 ਐਤਵਾਰ "ਰੋਜ਼ਾਨਾ" ਸਾਲ ਚੌਥਾ** w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਅਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

# ਪਾਕਿਸਤਾਨ ਨੇ ਟਰੰਪ ਨੂੰ ਨੋਬਲ ਪੁਰਸਕਾਰ ਲਈ ਕੀਤਾ ਨਾਮਜ਼ਦ, ਕਿਹਾ- ''ਪਾਕਿ ਭਾਰਤ ਦੀ ਜੰਗ ਰੋਕੀ''

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਪਾਕਿਸਤਾਨ ਸਰਕਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 2026 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ। ਪਾਕਿਸਤਾਨ ਦਾ ਕਹਿਣਾ ਹੈ ਕਿ ਭਾਰਤ-ਪਾਕਿਸਤਾਨ ਯੁੱਧ ਦੌਰਾਨ ਟਰੰਪ ਦੀਆਂ ਕੂਟਨੀਤਕ ਪਹਿਲਕਦਮੀਆਂ ਅਤੇ ਵਿਚੋਲਗੀ ਨੇ ਇੱਕ ਵੱਡੀ ਜੰਗ ਨੂੰ ਟਾਲਣ ਵਿੱਚ ਮਦਦ ਕੀਤੀ। ਪਾਕਿਸਤਾਨ ਸਰਕਾਰ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਕਿਹਾ ਕਿ ਟਰੰਪ ਨੇ ਨਵੀਂ ਦਿੱਲੀ ਅਤੇ ਇਸਲਾਮਾਬਾਦ ਦੋਵਾਂ ਨਾਲ ਗੱਲ ਕਰਕੇ ਜੰਗਬੰਦੀ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਨਾਲ ਦੋ ਪ੍ਰਮਾਣੂ ਸ਼ਕਤੀਆਂ ਵਿਚਕਾਰ ਜੰਗ ਦੀ ਸੰਭਾਵਨਾ ਟਲ ਗਈ।

ਪਾਕਿਸਤਾਨ ਨੇ ਕਸ਼ਮੀਰ ਮੁੱਦੇ 'ਤੇ ਟਰੰਪ ਦੀ ਵਿਚੋਲਗੀ ਦੀ ਪੇਸ਼ਕਸ਼ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜਦੋਂ ਤੱਕ ਕਸ਼ਮੀਰ ਦਾ ਹੱਲ ਨਹੀਂ ਹੁੰਦਾ, ਉਦੋਂ ਤੱਕ ਖੇਤਰ ਵਿੱਚ ਸਥਾਈ ਸ਼ਾਂਤੀ ਨਹੀਂ ਹੋ ਸਕਦੀ। ਹਾਲਾਂਕਿ, ਟਰੰਪ ਨੇ ਕਿਹਾ ਕਿ ਮੈਂ ਜਿੰਨੀਆਂ ਮਰਜ਼ੀ ਜੰਗਾਂ ਰੋਕਾਂ, ਮੈਂ ਜੋ ਵੀ ਕਰ ਲਵਾਂ, ਮੈਨੂੰ ਨੋਬਲ ਨਹੀਂ ਮਿਲੇਗਾ।

ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਟਾਲਣ ਅਤੇ ਰੂਸ-ਯੂਕਰੇਨ ਅਤੇ ਈਰਾਨ-ਇਜ਼ਰਾਈਲ ਵਰਗੇ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਪਰ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਨਹੀਂ ਮਿਲੇਗਾ।

ਟਰੰਪ ਨੇ ਸ਼ੁੱਕਰਵਾਰ ਨੂੰ ਟਰੂਥ ਸੋਸ਼ਲ 'ਤੇ ਪੋਸਟ ਕਰਦੇ ਹੋਏ ਲਿਖਿਆ, "ਮੈਂ ਜੋ ਵੀ ਕਰ ਲਵਾਂ,



ਮੈਨੂੰ ਨੋਬਲ ਸ਼ਾਂਤੀ ਪੁਰਸਕਾਰ ਨਹੀਂ ਮਿਲੇਗਾ। ਮੈਂ ਕਾਂਗੋ-ਰਵਾਂਡਾ ਯੁੱਧ ਨੂੰ ਰੋਕਣ ਲਈ ਸ਼ਾਂਤੀ ਸਮਝੌਤੇ ਦੀ ਦਲਾਲ ਬਣਨ ਲਈ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਕੰਮ ਕੀਤਾ। ਇਹ ਇੱਕ ਖੂਨੀ ਸੰਘਰਸ਼ ਸੀ ਜੋ ਦਹਾਕਿਆਂ ਤੱਕ ਚੱਲਿਆ।"

## ਜਿੰਨਾ ਚਿਰ ਰਾਸ਼ਟਰੀ ਹਿੱਤ ਪੂਰੇ ਹੋ ਰਹੇ ਹਨ, ਦੋਸਤੀ ਚੰਗੀ ਚੱਲਦੀ ਹੈ

ਪਰ ਟਰੰਪ ਦੇ ਦੂਜੇ ਕਾਰਜਕਾਲ ਵਿੱਚ, ਉਨ੍ਹਾਂ ਦੇ ਕਾਰਜਕਾਲ ਦੇ ਸਿਰਫ਼ ਪੰਜ ਮਹੀਨੇ ਬਾਅਦ, ਬਹੁਤ ਸਾਰੀਆਂ ਚੀਜ਼ਾਂ ਵਾਪਰੀਆਂ ਜਿਨ੍ਹਾਂ ਨੇ ਦੋਵਾਂ ਆਗੂਆਂ ਦੀ ਦੋਸਤੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਸਨ।

ਮਿਸਾਲ ਵਜੋਂ ਪ੍ਰਧਾਨ ਮੰਤਰੀ ਮੋਦੀ ਦਾ ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਨਾ ਹੋਣਾ, ਭਾਰਤ ਨੂੰ ਵਾਰ-ਵਾਰ ਟੈਰਿਫ ਦੁਰਵਰਤੋਂ ਕਰਨ ਵਾਲਾ ਦੇਸ਼ ਕਹਿਣਾ, ਜਵਾਬੀ ਟੈਰਿਫ ਲਗਾਉਣਾ, ਭਾਰਤ 'ਤੇ ਰੱਖਿਆ ਸਾਜ਼ੋ-ਸਮਾਨ ਖਰੀਦਣ ਲਈ ਦਬਾਅ ਪਾਉਣਾ, ਬਹੁਤ ਸਾਰੇ ਭਾਰਤੀ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਦੱਸ ਕੇ ਵਾਪਸ ਭੇਜਣਾ, H-1B ਵੀਜ਼ਾ ਨਿਯਮਾਂ ਨੂੰ ਬਦਲਣਾ, ਪਾਕਿਸਤਾਨ ਨਾਲ ਟਕਰਾਅ ਵਿੱਚ ਬਹੁਤ ਸੰਤੁਲਿਤ ਅਤੇ ਮਾਪੀ ਹੋਈ ਪਹੁੰਚ ਅਪਣਾਉਣਾ, ਕਈ ਮੌਕਿਆਂ 'ਤੇ ਇਸਦੀ ਪ੍ਰਸ਼ੰਸਾ ਕਰਨਾ ਅਤੇ ਕਸ਼ਮੀਰ ਮੁੱਦੇ 'ਤੇ ਵਿਚੋਲਗੀ ਦੀ ਪੇਸ਼ਕਸ਼ ਕਰਨਾ।

ਇਹ ਕੁਝ ਅਜਿਹੇ ਮੌਕੇ ਸਨ ਜਦੋਂ ਉਸਦੇ ਰਵੱਈਏ ਨੇ ਭਾਰਤ ਨੂੰ ਬੇਚੈਨ ਕਰ ਦਿੱਤਾ ਸੀ।

ਟਰੰਪ ਦਾ ਅਚਾਨਕ ਰਵੱਈਆ, ਖ਼ਾਸ ਕਰਕੇ ਪਾਕਿਸਤਾਨ ਦੇ ਸਬੰਧ ਵਿੱਚ, ਸਭ ਤੋਂ ਹੈਰਾਨੀਜਨਕ ਸੀ।

ਜਿੰਨਾ ਚਿਰ ਰਾਸ਼ਟਰੀ ਹਿੱਤ ਪੂਰੇ ਹੋ ਰਹੇ ਹਨ, ਦੋਸਤੀ ਚੰਗੀ ਚੱਲਦੀ ਹੈ, ਪਰ ਜੇ ਕਿਸੇ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਦੇਸ਼ ਨੂੰ ਕਿਸੇ ਤਰੀਕੇ ਨਾਲ ਨੁਕਸਾਨ ਪਹੁੰਚ ਰਿਹਾ ਹੈ, ਤਾਂ ਉਹ ਵੱਖ-ਵੱਖ ਕਦਮ ਚੁੱਕਦੇ ਹਨ। ਇਹ ਦੂਜੇ ਵਿਅਕਤੀ ਲਈ ਅਸਹਿਜ ਹੋ ਸਕਦਾ ਹੈ।

ਕਈ ਵਾਰ ਅਜਿਹੇ ਕਦਮ ਮਜਬੂਰੀ ਵਿੱਚ ਚੁੱਕਣੇ ਪੈਂਦੇ ਹਨ ਅਤੇ ਕਈ ਵਾਰ ਇਹ ਜਾਣਬੁਝ ਕੇ ਚੁੱਕੇ ਜਾਂਦੇ ਹਨ।

ਭਾਰਤ ਅਮਰੀਕਾ ਦਾ ਅੱਠਵਾਂ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਪਰ ਵਪਾਰ ਦੇ ਖੇਤਰ ਵਿੱਚ, ਟਰੰਪ ਪ੍ਰਸ਼ਾਸਨ ਦੇ ਭਾਰਤ ਨਾਲ ਸਬੰਧ ਬਹੁਤ ਚੰਗੇ ਨਹੀਂ ਮੰਨੇ ਜਾ ਸਕਦੇ।

ਆਪਣੇ ਪਹਿਲੇ ਕਾਰਜਕਾਲ ਦੌਰਾਨ, ਮੋਦੀ ਨਾਲ ਚੰਗੇ ਸਬੰਧ ਹੋਣ ਦੇ ਬਾਵਜੂਦ, ਟਰੰਪ ਨੇ ਭਾਰਤ ਨੂੰ ਵਪਾਰ ਵਿੱਚ ਜਨਰਲਾਈਜ਼ਡ ਸਿਸਟਮ ਆਫ਼ ਪ੍ਰੈਫਰੈਂਸ (GSP) ਵਰਗੀਆਂ ਚੀਜ਼ਾਂ 'ਤੇ ਟੈਕਸ ਫ੍ਰੀ ਇੰਪੋਰਟ ਦੀ ਸਹੂਲਤ ਦੇਣੀ ਬੰਦ ਕਰ ਦਿੱਤੀ ਸੀ।।

# ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਵਿੱਚ ਜ਼ਿਆਦਾ ਦੇਰੀ ਹੋਈ ਤਾਂ ਸੁਪਰੀਮ ਕੋਰਟ ਜਾਵਾਂਗੇ: ਫਾਰੂਕ

## ਕਿਹਾ ਸਟੈਂਡ ਬਦਲਿਆ ਨਹੀਂ ਹੈ, ਉਹ ਰਾਜ ਦੀ ਬਹਾਲੀ ਲਈ ਧੀਰਜ ਨਾਲ ਉਡੀਕ ਕਰ ਰਹੇ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਅੱਜ ਕਿਹਾ ਕਿ ਜੇ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਵਿੱਚ ਜ਼ਿਆਦਾ ਦੇਰੀ ਹੋਈ ਤਾਂ ਉਨ੍ਹਾਂ ਦੀ ਪਾਰਟੀ ਸੁਪਰੀਮ ਕੋਰਟ ਦਾ ਰੁਖ਼ ਕਰੇਗੀ।

ਕੋਕਰਨਾਗ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਾਰੂਕ ਨੇ ਕਿਹਾ ਕਿ ਲੋਕ ਚਾਹੁੰਦੇ ਹਨ ਕਿ ਜੰਮੂ ਤੇ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਹੋਵੇ। ਉਹ ਉਡੀਕ ਕਰ ਰਹੇ ਹਨ ਪਰ ਜੇ ਕੇਂਦਰ ਨੇ ਇਹ ਮਸਲਾ ਹੱਲ ਨਾ ਕੀਤਾ ਤਾਂ ਉਨ੍ਹਾਂ ਕੋਲ ਸੁਪਰੀਮ ਕੋਰਟ ਜਾਣ ਤੋਂ ਇਲਾਵਾ ਕੋਈ ਬਦਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਇਸ ਮਾਮਲੇ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕਰਨਾ ਚਾਹੀਦਾ ਹੈ।

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਜਲਦੀ ਬਹਾਲ ਕਰਨ ਦੀ ਮੰਗ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਹੋਰ ਦੇਰੀ ਪਾਰਟੀ ਨੂੰ ਸੁਪਰੀਮ ਕੋਰਟ ਤੱਕ ਪਹੁੰਚਣ ਲਈ ਮਜਬੂਰ ਕਰ ਸਕਦੀ ਹੈ।

ਪਹਿਲਗਾਮ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਫਾਰੂਕ ਅਬਦੁੱਲਾ ਨੇ ਕਿਹਾ ਕਿ ਜੰਮੂ-ਕਸ਼ਮੀਰ ਸਰਕਾਰ ਬਣੇ ਅੱਠ ਮਹੀਨੇ ਹੋ ਗਏ ਹਨ। "ਮੈਨੂੰ ਉਮੀਦ ਹੈ ਕਿ ਜਦੋਂ ਰਾਜ ਦਾ ਦਰਜਾ ਬਹਾਲ ਹੋ ਜਾਵੇਗਾ, ਤਾਂ ਸਾਨੂੰ ਉਹ ਪ੍ਰਸ਼ਾਸਕੀ ਸ਼ਕਤੀਆਂ ਵੀ ਮਿਲਣਗੀਆਂ ਜੋ ਸੱਚੇ ਸ਼ਾਸਨ ਲਈ ਜ਼ਰੂਰੀ ਹਨ।"

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਟੈਂਡ ਬਦਲਿਆ ਨਹੀਂ ਹੈ, ਉਹ ਰਾਜ ਦੀ ਬਹਾਲੀ ਲਈ ਧੀਰਜ ਨਾਲ ਉਡੀਕ ਕਰ ਰਹੇ ਹਨ। "ਪਰ ਜੇਕਰ ਬੇਲੋੜੀ ਦੇਰੀ ਹੁੰਦੀ ਹੈ, ਤਾਂ ਸਾਡੇ ਕੋਲ ਸੁਪਰੀਮ ਕੋਰਟ ਜਾਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੋਵੇਗਾ।"

"ਅਸੀਂ ਇੱਕ ਲੋਕਤੰਤਰੀ ਅਤੇ ਸ਼ਾਂਤੀਪੂਰਨ ਸੰਘਰਸ਼ ਲਈ ਵਚਨਬੱਧ ਹਾਂ, ਪਰ ਇਸ ਦੇ ਨਾਲ ਹੀ, ਜੇਕਰ ਸਾਡੇ ਬੁਨਿਆਦੀ ਰਾਜਨੀਤਿਕ ਅਧਿਕਾਰਾਂ ਤੋਂ ਇਨਕਾਰ ਜਾਰੀ ਰਹਿੰਦਾ ਹੈ ਤਾਂ ਅਸੀਂ ਚੁੱਪ ਨਹੀਂ ਰਹਾਂਗੇ," ਉਨ੍ਹਾਂ ਕਿਹਾ।

ਉਨ੍ਹਾਂ ਮੱਧ ਪੂਰਬ ਵਿੱਚ ਚੱਲ ਰਹੇ ਤਣਾਅ ਦੇ ਵਿਚਕਾਰ ਸਿਆਣਪ ਅਤੇ ਸੰਜਮ ਦੀ



ਅਪੀਲ ਕੀਤੀ। "ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪ੍ਰਮਾਤਮਾ ਈਰਾਨ ਅਤੇ ਇਜ਼ਰਾਈਲ ਦੋਵਾਂ ਨੂੰ ਸਿਆਣਪ ਦੇਵੇ। ਇਸ ਟਕਰਾਅ ਨੂੰ ਸਿਰਫ ਸ਼ਾਂਤੀ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ," ਉਨ੍ਹਾਂ ਕਿਹਾ, ਵਿਸ਼ਵ ਨੇਤਾਵਾਂ ਨੂੰ ਗੱਲਬਾਤ ਦੀ ਵਕਾਲਤ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੋਵਾਂ ਦੇਸ਼ਾਂ ਵਿਚਕਾਰ ਸ਼ਾਂਤੀ ਦੀ ਮੰਗ ਕਰਨ ਦੀ ਵੀ ਅਪੀਲ ਕੀਤੀ।

# ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਲਏ ਗਏ ਵੱਡੇ ਫੈਸਲੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਅੱਜ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਹੋਈ। ਇਸ ਮੀਟਿੰਗ ਵਿਚ ਕਈ ਅਹਿਮ ਫੈਸਲੇ ਲਏ ਗਏ ਹਨ।ਕੈਬਨਿਟ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰੈਸ ਕਾਨਫਰੰਸ ਕਰਕੇ ਇਸ ਸਬੰਧੀ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕਈ ਮਹੱਤਵਪੂਰਨ ਫੈਸਲੇ ਲਏ ਗਏ ਹਨ ਜਿਸ ਦਾ ਸਿੱਧਾ ਲਾਭ



ਲੋਕਾਂ, ਉਦਯੋਗ, ਮਜ਼ਦੂਰਾਂ ਅਤੇ ਨੌਜਵਾਨਾਂ ਨੂੰ ਹੋਵੇਗਾ। ਇਸ ਮੀਟਿੰਗ ਵਿੱਚ ਜੇਲ੍ਹ ਵਿਭਾਗ ਵਿੱਚ 500 ਨਿਯੁਕਤੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਪੰਜਾਬ ਸਰਕਾਰ ਨੇ 29 ਸਹਾਇਕ ਸੁਪਰਡੈਂਟ, 451 ਵਾਰਡਨ ਅਤੇ 20 ਮੈਟਰਨ ਅਸਾਮੀਆਂ ਭਰਨ ਦਾ ਫੈਸਲਾ ਕੀਤਾ ਹੈ। ਇਸ ਲਈ ਭਰਤੀ ਐਸਐਸ ਬੋਰਡ ਕਰੇਗਾ।

ਇਕ ਹੋਰ ਵੱਡੀ ਜਾਣਕਾਰੀ ਦਿੰਦਿਆਂ ਹਰਪਲ ਸਿੰਘ ਚੀਮਾ ਨੇ ਦੱਸਿਆ ਕਿ ਫਾਇਰ ਸੁਰੱਖਿਆ ਸਰਟੀਫਿਕੇਟ ਪਹਿਲਾਂ ਇੱਕ ਸਾਲ ਲਈ ਜਾਰੀ ਕੀਤਾ ਜਾਂਦਾ ਸੀ, ਹੁਣ ਇਹ ਸਰਟੀਫਿਕੇਟ ਤਿੰਨ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਵੈਧ ਹੋਵੇਗਾ। ਇਸ ਨਾਲ ਉਦਯੋਗ ਨੂੰ ਵੱਡੀ ਰਾਹਤ ਮਿਲੇਗੀ। ਇਸ ਤੋਂ ਇਲਾਵਾ ਪੰਜਾਬ ਕਿਰਤ ਭਲਾਈ ਐਕਟ 1965 ਵਿੱਚ ਵੀ ਬਦਲਾਅ ਕੀਤੇ ਗਏ ਹਨ। ਸੋਧ ਤੋਂ ਬਾਅਦ ਕਰਮਚਾਰੀ ਦਾ ਯੋਗਦਾਨ ਪੰਜ ਰੁਪਏ ਤੋਂ ਵਧਾ ਕੇ ਦਸ ਰੁਪਏ ਕਰ ਦਿੱਤਾ ਗਿਆ ਹੈ। ਮਾਲਕ ਦਾ ਯੋਗਦਾਨ ਵੀਹ ਤੋਂ ਵਧਾ ਕੇ ਚਾਲੀ ਰੁਪਏ ਕਰ ਦਿੱਤਾ ਗਿਆ ਹੈ।

ਪੰਜਾਬ ਖੇਤਰੀ ਯੋਜਨਾ ਬੋਰਡ ਦੇ ਅਧੀਨ ਸਾਰੀਆਂ ਅਥਾਰਟੀਆਂ ਦੇ ਚੇਅਰਮੈਨ ਮੁੱਖ ਮੰਤਰੀ ਹੁੰਦੇ ਸਨ। ਹੁਣ ਇਨ੍ਹਾਂ ਅਥਾਰਟੀਆਂ ਦੀ ਸ਼ਕਤੀ ਮੁੱਖ ਸਕੱਤਰ ਨੂੰ ਦੇ ਦਿੱਤੀ ਗਈ ਹੈ। ਪਰ ਜੋ ਵੀ ਫੈਸਲੇ ਲਏ ਜਾਣਗੇ, ਉਨ੍ਹਾਂ ਨੂੰ ਕੈਬਨਿਟ ਦੁਆਰਾ ਪਾਸ ਕੀਤਾ ਜਾਵੇਗਾ।

# ਕਾਂਗਰਸ ਭਾਜਪਾ ਵਰਗੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਅੰਬੇਡਕਰਵਾਦ ਨੂੰ ਰੋਕਣ ਲਈ ਇਕ ਦੂਜੇ ਨੂੰ ਪਾਸ ਦੇ ਕੇ ਸੱਤਾ ਦਾ ਖੇਡ ਖੇਢਦੀਆਂ ਹਨ, ਉਹ ਸਰਕਾਰਾਂ ਬਦਲਦੀਆਂ ਹਨ ਵਿਵਸਥਾ ਨਹੀਂ ਬਦਲਦੀਆਂ

## ਭਾਰਤ ਵਿੱਚ ਸੱਤਾ ਸੰਘਰਸ਼ ਅਸਮਾਨਤਾਵਾਦੀ ਸ਼ੋਸ਼ਣ ਕਰਤਾ ਸਰਮਾਏਦਾਰ ਪੱਖੀ ਅਤੇ ਸਮਾਨਤਾਵਾਦੀ ਸ਼ੋਸ਼ਿਤ ਸਮਾਜ ਜੋ ਆਮ ਜਨਤਾ ਹੈ ਉਸ ਵਿਚਕਾਰ, ਭਾਰਤ ਵਿੱਚ 78 ਸਾਲਾਂ ਵਿੱਚ ਸਾਰੀਆਂ ਸਰਕਾਰਾਂ ਨੇ ਅਸਮਾਨਤਾ ਵਿੱਚ ਵਾਧਾ ਕਰ ਅਮੀਰ ਹੋਰ ਅਮੀਰ ਅਤੇਗਰੀਬ ਹੋਰ ਗਰੀਬ ਬਣਾਏ ਹਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਜੂਨ INTERNATIONAL PAPER, 9463601616 hardipchumber57@gmail.com

ਇੰਜੀ ਹਰਦੀਪ ਸਿੰਘ ਚੁੰਬਰ:

ਹਰ ਦੇਸ਼ ਵਿੱਚ ਬਹੁਤ ਸਾਰੀਆਂ ਅਲੱਗ ਅਲੱਗ ਤਰਾਂ ਦੀਆਂ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਕਈ ਹੋਰ ਤਰਾਂ ਦੀਆਂ ਸਥਾਈ ਅਤੇ ਅਸਥਾਈ ਅਸਮਾਨਤਾਵਾਂ ਹਮੇਸ਼ਾ ਰਹੀਆਂ ਹਨ।

ਮਨੁੱਖ ਦੇ ਨਿੱਜੀ ਅਤੇ ਸਮਾਜਿਕ ਵਰਗ ਦੀ ਕੋਸ਼ਿਸ਼ ਨਾਲ ਕੀਤੇ ਵਿਕਾਸ ਨਾਲ ਆਰਥਿਕ ਅਸਮਾਨਤਾ ਵਿੱਚ ਤਬਦੀਲੀ ਹਮੇਸ਼ਾ ਆਉਂਦੀ ਹੀ ਰਹਿੰਦੀ ਹੈ। ਇਹ ਉਹਨਾ ਦੇ ਗਿਆਨ, ਸ਼ਕਤੀ, ਸਾਧਨਾਂ ਤੇ ਨਿਰਭਰ ਕਰਦਾ ਹੈ।

ਵਿਕਸ਼ਿਤ ਰਾਸ਼ਟਰਾਂ ਵਿੱਚ ਮਨੁੱਖ ਦਾ ਆਰਥਿਕ ਆਧਾਰ ਉਸ ਦਾ ਸਮਾਜਿਕ ਅਤੇ ਰਾਜਨੀਤਿਕ ਪੱਧਰ ਉਸ ਦਾ ਰੁਤਬਾ, ਮਾਨ , ਸਨਮਾਨ ਤਹਿ ਕਰਦਾ ਬਦਲਦਾ ਰਹਿੰਦਾ ਹੈ। ਇਹੋ ਜਿਹੇ ਕਾਰਨਾਂ ਕਰਕੇ ਹੀ ਉਹਨਾਂ ਰਾਸ਼ਟਰਾਂ ਦੇ ਵਿਕਾਸ਼ ਕਰਨ ਦਾ ਆਧਾਰ ਮਜਬੂਤ ਬਣਿਆ ਹੋਇਆ ਹੈ।

ਭਾਰਤ ਸਮੇਤ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਇਸ ਦੇ ਉਲਟ ਹੈ। ਜਿਸ ਵਿੱਚ ਬ੍ਰਾਹਮਣੀ ਵਿਧਾਨ ਅਨੁਸਾਰ ਚਲਦੇ ਸਮਾਜਿਕ ਪ੍ਰਬੰਧ ਅਧੀਨ ਵਰਗ ਵਿਸ਼ੇਸ਼ ਲਈ ਉਸ ਦੇ ਜਨਮ ਦੇ ਆਧਾਰ ਉੱਤੇ ਤਹਿ ਕਰ ਦਿੰਦਾ ਹੈ ਉਹ ਕਿਨਾਂ ਕੁ ਮਾਨ ਸਨਮਾਨ ਜਾ ਅਪਮਾਨ ਦਾ ਹੱਕਦਾਰ ਅਤੇ ਵਿਕਾਸ ਕਰਕੇ ਕਿੰਨੇ ਕੁ ਆਰਥਿਕ ਸਾਧਨਾਂ ਸੰਸਾਧਨਾ ਦਾ ਮਾਲਕ ਬਣ ਸਕਦਾ ਹੈ। ਬ੍ਰਾਹਮਣੀ ਵਿਧਾਨ ਅਨੁਸਾਰ ਬਣੇ ਧਾਰਮਿਕ ਗ੍ਰੰਥ ਜੋ ਹਰ ਹਿੰਦੂ ਦੇ ਘਰ ਵਿੱਚ ਅਕਸ਼ਰ ਹੁੰਦੇ ਹਨ ਉਹਨਾਂ ਨੂੰ ਇਹ ਸਿੱਖਿਆ ਦਿੰਦੇ ਪ੍ਰਪੱਕ ਬਣੇ ਕੇ ਰਖਦੇ ਹਨ। ਇਸੇ ਕਾਰਨ ਬ੍ਰਾਹਮਣੀ ਵਿਧਾਨ ਨੇ ਆਪਣੇ ਸਮਾਜ ਵਿੱਚ ਅਸਮਾਨਤਾਵਾਂ ਨੂੰ ਪੱਕੇ ਤੌਂ ਤੇ ਲਾਗੂ ਰੱਖਿਆ ਹੋਇਆ ਹੈ।

ਭਾਰਤ 78 ਸਾਲ ਪਹਿਲਾਂ ਜਦੋਂ ਤੋਂ ਅੰਗਰੇਜੀ ਸ਼ਾਸ਼ਨ ਤੋਂ ਮੁਕਤ ਹੋਇਆ ਹੈ, ਅਤੇ ਸ਼ਾਸ਼ਨ ਸ਼ਕਤੀ ਭਾਰਤੀ ਖਾਸ ਉੱਚ ਵਰਗ ਦੇ ਲੋਕਾਂ ਦੇ ਹੱਥਾਂ ਵਿੱਚ ਆਈ ਹੈ, ਭਾਰਤ ਵਿਚ ਵਰਣਵਾਦੀ ਅਸਮਾਨਤਾ ਵਿੱਚ ਵਾਧਾ ਹੋਇਆ ਹੈ। ਇਹ ਸਭ ਜਾਣਨ ਲਈ ਬਹੁਤ ਸਾਰੀਆਂ ਐਨਜੀਓ ਅਤੇ ਮਹਾਂਵਿਦਿਆਲੇ ਦੇ ਅਸਮਾਨਤਤਾ ਦੇ ਅੰਕੜੇ ਜੋ ਉਹ ਹਰ 10 ਸਾਲਾਂ ਬਾਅਦ ਸਰਵੇ ਕਰਕੇ ਪੇਸ਼ ਕਰਦੇ ਸਮਝਣ ਲਈ ਕਾਫੀ ਹੁੰਦੇ ਹਨ।

ਭਾਰਤ ਦਾ ਧਨ ਖਾਸ ਵਰਗ ਦੇ ਚੰਦ ਲੋਕਾਂ ਦੇ ਹੱਥਾਂ ਵਿੱਚ ਲਗਾਤਾਰ ਵਧਣਾ ਜਾਰੀ ਹੈ। ਇਸ ਦੇ ਉੱਲਟ ਭਾਰਤ ਦਾ ਧਨ ਦੂਜੇ ਵਰਗਾਂ ਦੇ ਹੱਥਾਂ ਵਿੱਚ ਔਸਤਨ ਘਟਦਾ ਜਾ ਰਿਹਾ ਹੈ।

ਮੀਡੀਆ ਦੁਆਰਾ ਦਿਖਾਇਆ ਜਾ ਰਿਹਾ ਭਾਰਤ ਵਿਸ਼ਵ ਦੀ ਚੌਥੀ ਆਰਥਿਕ ਮਹਾਂਸ਼ਕਤੀ ਬਣਨ ਜਾ ਰਿਹਾ ਹੈ। ਇਸ ਤੋਂ ਅੱਗੇ ਜਾ ਕੇ ਇਹ ਸੰਸਥਾਵਾਂ ਕਦੇ ਵੀ ਦਿਖਾਉਣ ਦੀ ਕੋਸ਼ਿਸ਼ ਨਹੀਂ ਕਰਦੀਆਂ ਕੀ ਆਰਥਿਕਤਾ ਅਤੇ ਉਸ ਦੇ ਸਾਧਨਾਂ ਸੰਸਾਧਨਾਂ ਉੱਤੇ ਕਿਸ ਵਰਗ ਵਿਸ਼ੇਸ਼ ਦੇ ਲੋਕਾਂ ਦੇ ਅਧੀਨ ਹੋ ਕੇ ਵਧ ਫੁੱਲ ਰਹੇ ਹਨ ਅਤੇ ਕਿਸ ਵਰਗ ਦੇ ਹੱਥਾਂ ਵਿੱਚੋਂ ਖਿਸਕਦੇ ਜਾ ਰਹੇ ਹਨ ਅਤੇ ਸਰਕਾਰਾਂ ਕਿਵੇਂ ਮਦਦ ਕਰ ਰਹੀਆਂ ਹਨ।

ਸਾਰੇ ਦੇਖਦੇ ਹਾਂ ਹਜਾਰਾਂ ਸਾਲਾਂ ਤੋਂ ਜਿਸ ਤਰਾਂ ਦੀ ਭਾਰਤੀ ਸੱਤਾਧਾਰੀ ਵਰਗ ਮਨੁੱਖ ਦੁਆਰਾ ਆਪਣੀ ਕੋਸ਼ਿਸ਼ ਨਾਲ ਕੀਤਾ ਵਿਕਾਸ਼ ਉਸ ਦੀ ਸਮਾਜਿਕ ਹੈਸੀਅਤ ਬਦਲਣ ਨੂੰ ਮਾਨਤਾ ਨਹੀਂ ਦਿੰਦਾ ਉਸੇ ਤਰਾਂ ਅੱਜ ਵੀ ਜਾਰੀ ਹੈ।

ਡਾ. ਅੰਬੇਡਕਰ ਜੋ ਆਪਣੇ ਸਮੇ ਭਾਰਤ ਦਾ ਸਭ ਤੋਂ ਵੱਧ ਪੜ੍ਹਿਆ ਲਿਖਿਆ ਗਿਆਨਵਾਨ ਵਿਅਕਤੀ ਸੀ। ਵਰਤਾਰੇ ਕਾਰਨ ਉਸ ਨੂੰ ਕਹਿਣਾ ਪਿਆ ਸੀ ਅਸੀਂ ਪੜ੍ਹ ਲਿਖ ਕੇ ਗਿਆਨ ਪ੍ਰਾਪਤ ਕਰਕੇ ਵੀ ਦੇਖ ਲਿਆ, ਸਾਫ ਕੱਪੜੇ ਪਾ ਕੇ ਵੀ ਦੇਖ ਲਏ, ਚੰਗਾ ਰਹਿਣ ਸਹਿਣ ਬਣਾਕੇ ਵੀ ਦੇਖ ਲਿਆ ਇਸ ਨਾਲ ਸਾਡੇ ਬ੍ਰਾਹਮਣਵਾਦੀ ਸਮਾਜ ਦੀ ਮਾਸ਼ਿਕਤਾ ਵਿੱਚ ਕੋਈ ਅੰਤਰ ਨਹੀਂ ਆਇਆ। ਕੁਝ ਵੀ ਕਰ ਲਈਏ ਉਹ ਹਮੇਸ਼ਾ ਹੀ ਸਾਨੂੰ ਅਛੂਤ ਅਪਵਿੱਤਰ ਮੰਨਦੇ ਆ ਰਹੇ ਹਨ। 1935 ਵਿੱਚ ਉਹਨਾ ਨੇ ਕਿਹਾ ਸੀ ਹਿੰਦੂ ਧਰਮ ਦੇ ਅਧਿਨ ਰਹਿੰਦੇ ਇਹ ਕਦੇ ਵੀ ਬਦਲਾਓ ਆਉਣਾ ਸੰਭਵ ਨਹੀਂ ਹੈ ਕਿਉਕਿ ਇਹਨਾ ਨੂੰ ਇਹਨਾ ਦੇ ਧਰਮ ਦੇ ਗ੍ਰੰਥ ਜੋ ਹਰ ਘਰ ਵਿੱਚ ਮੌਜੂਦ ਹਨ ਉਸ ਤੋਂ ਇਹ ਸਿੱਖਿਆ ਲੈਂਦੇ ਰਹਿੰਦੇ ਹਨ। ਇਸ ਕਰਕੇ ਨਾਂ ਹੀ ਇਹ ਧਾਰਮਿਕ ਗ੍ਰੰਥ ਅਤੇ ਧਰਮ ਦੀ ਸਿੱਖਿਆ ਦਾ ਪ੍ਰਚਾਰ ਬੰਦ ਹੋਵੇਗਾ ਨਾਂ ਹੀ ਇਸ ਧਰਮ ਵਿੱਚ ਰਹਿਣ ਵਾਲੇ ਸਮਾਜ ਦੀ ਮਾਨਸ਼ਿਕਤਾ ਵਿੱਚ ਬਦਲਾਓ ਆਵੇਗਾ। ਇਸ ਕਾਰਨ ਇਸ ਦਾ ਤਿਆਗ ਕਰਕੇ ਕਿਸੇ ਹੋਰ ਧਰਨ ਨੂੰ ਅਪਨਾ ਕੇ ਹੀ ਸਮਾਨਤਾ ਦੀ ਉਮੀਦ ਕੀਤੀ ਜਾ ਸਕਦੀ ਹੈ । ਉਸ ਨੇ ਕਿਹਾ ਸੀ ਮੈਂ ਬਦਕਿਸਮਤੀ ਨਾਲ ਹਿੰਦੂ ਪੈਦਾ ਹੋ ਗਿਆ ਹਾਂ ਇਹ ਮੇਰੇ ਵਸ ਦੇ ਵਿੱਚ ਨਹੀਂ ਸੀ ਪਰ ਮੈਂ ਹਿੰਦੂ ਮਰਾਂਗਾ ਨਹੀ, 1956 ਵਿੱਚ ਉਸ ਨੇ 8 ਲੱਖ ਅਛੂਤ ਅਤੇ ਹੋਰ ਲੋਕਾਂ ਸਮੇਤ ਬੁੱਧ ਧਰਮ ਅਪਣਾ ਲਿਆ ਸੀ।

ਭਾਰਤ ਦੀਆਂ ਸਰਕਾਰਾਂ ਗਰੀਬੀ ਹਟਾਓ, ਗਰੀਬਾਂ ਨੂੰ ਰਾਹਤਾਂ, ਮੁਫ਼ਤ ਬਿਜਲੀ, ਪਾਣੀ ਰਾਸ਼ਨ, ਸਫ਼ਰ ਅਤੇ ਹੋਰ ਸਹੂਲਤਾਂ ਦੇ ਕੇ ਲੋਕ ਮੱਤ ਨੂੰ ਪ੍ਰਭਾਵਤ ਕਰਦੀ ਰਹਿੰਦੀਆਂ ਹਨ। ਪਰ ਫੇਰ ਵੀ ਭਾਰਤ ਦੀ ਆਮ ਜਨਤਾ ਅਨੁਪਾਤਕ ਤੌਰ ਤੇ ਪਹਿਲਾਂ ਨਾਲੋ ਹੋਰ ਗਰੀਬ ਕਰਜ਼ਦਾਰ ਅਤੇ ਕਮਜੋਰ ਹੁੰਦੀ ਜਾ ਰਹੀ ਹੈ ਅਤੇ ਦੂਜੇ ਪਾਸੇ ਖਾਸ ਵਰਗ ਜਾਤੀ ਵਿਸ਼ੇਸ਼ ਲੋਕ ਭਾਰਤੀ ਸਰਕਾਰਾਂ ਦੀ ਮੇਹਰਬਾਨੀ ਨਾਲ ਧਨ-ਕੁਬੇਰ ਬਣ ਰਹੇ ਹਨ ਭਾਰਤ ਸਰਕਾਰ ਦੇ ਵੱਡੇ ਤੋਂ ਵੱਡੇ ਅਦਾਰਿਆਂ ਨੂੰ ਖਰੀਦ ਕੇ ਜਾ ਹੇਰਟੇਡੇ ਢੰਗ ਨਾਲ ਉਸ ਦੇ ਮਾਲਕ ਬਣਨ ਦੇ ਯੋਗ ਹੋ ਗਏ ਹਨ। ਅਤੇ ਰਾਜਸ਼ਾਹੀ ਦੀ ਤਰਾਂ ਭਾਰਤ ਸਮੁੱਚੇ ਸਾਧਨਾਂ ਸੰਸਾਧਨਾਂ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਹਨਾ ਦੇ ਕਬਜ਼ੇ ਵਿੱਚੋਂ ਕਿਸੇ ਨਾ ਕਿਸੇ ਢੰਗ ਨਾਲ ਕੱਢ ਕੇ ਉਸ ਦੇ ਮਾਲਕ ਬਣਨ ਦੇ ਯੋਗ ਹੋ ਗਏ ਹਨ। ਕਿਸਾਨਾ ਦਾ ਵਿਰੋਧ ਇਸ ਨੂੰ ਰੋਕ ਨਹੀਂ ਪਾਵੇਗਾ, ਕਿਉਂਕਿ ਇਹ ਲੋਕ ਆਪਣੇ ਕਸਾਈਆਂ ਦੀਆਂ ਸਰਕਰਾਂ ਬਣਵਾ ਕੇ ਉਸ ਦੇ ਅੱਗੇ ਗਰਦਨ ਨੂੰ ਆਪ ਹੀ ਰਖਦੇ ਹਨ, ਅਜਿਹੇ ਲੋਕਾਂ ਨੂੰ ਕੌਣ ਬਚਾ ਸਕਦਾ ਹੈ। ਇਸ ਸਭ ਦੇ ਲਈ ਉਹਨਾ ਦੀ ਆਪਣੀ ਮਾਨਸ਼ਿਕਤਾ ਕਾਰਨ ਅਸਮਾਨਤਾਵਾਦੀ ਮਾਨਸ਼ਿਕਤਾ ਵਾਲੇ ਲੋਕਾਂ ਦੀਆਂ ਸਰਕਾਰਾਂ ਦੁਆਰਾ ਬਣਾਈਆਂ ਨੀਤੀਆਂ ਜਿੰਮੇਵਾਰ ਹਨ।



ਇੰਜੀ ਹਰਦੀਪ ਸਿੰਘ ਚੁੰਬਰ

ਅਗਰ ਭਾਰਤ ਨੂੰ ਸਮੁੱਚੇ ਭਾਰਤ ਨੂੰ ਸਰਮਾਏਦਾਰਾ ਦੇ ਹੱਥਾਂ ਵਿੱਚ ਖੇਡਦੀਆਂ ਸਰਕਾਰਾਂ ਹੱਥੋਂ ਕੱਢ ਕੇ, ਸਮੁੱਚੇ ਭਾਰਤੀਆਂ ਦੇ ਹਿਤਾਂ ਦੀ ਰੱਖਿਆ ਕਰਦੇ ਹੋਏ ਮਹਾਨ ਰਾਸ਼ਟਰ ਬਣਾਉਣਾ ਹੈ ਤਾਂ ਭਾਰਤ ਨੂੰ ਅਸਮਾਨਤਾਵਾਦੀ ਮਾਨਸ਼ਿਕਤਾ ਵਾਲੀਆਂ ਰਜਨੀਤਿਕ ਪਾਰਟੀਆਂ ਦੇ ਹੱਥਾਂ ਵਿੱਚੋ ਕੱਢ ਕੇ ਬਾਬਾ ਸਾਹਿਬ ਦੀ ਸਮਾਨਤਾਵਾਦੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਦੇ ਦੀਆ ਸਰਕਾਰਾਂ ਬਣਾ ਕੇ ਉਸ ਦੇ ਹੱਥਾਂ ਵਿੱਚ ਦੇਣਾ ਪਵੇਗਾ ਹੋਰ ਕੋਈ ਚਾਰਾ ਹੈ ਹੀ ਨਹੀਂ।

200 ਸਾਲ ਪਹਿਲਾਂ ਭਾਰਤ ਈਸ਼ਟ ਇੰਡੀਆ ਕੰਪਨੀ ਦਾ ਗੁਲਾਮ ਹੋਇਆ ਸੀ, ਭਵਿੱਖ ਵਿੱਚ ਭਾਰਤ ਨੂੰ ਭਾਰਤੀ ਕੰਪਨੀਆਂ ਦਾ ਗੁਲਾਮ ਹੋਣ ਤੋਂ ਰੋਕਿਆ ਜਾ ਸਕਦਾ ਹੈ। ਭਾਰਤੀ ਕੰਪਨੀਆਂ ਅੰਗਰੇਜੀ ਕੰਪਨੀਆਂ ਨਾਲੋਂ ਵਧੇਰੇ ਜਾਲਮ ਸਿੱਧ ਹੋ ਸਕਦੀਆਂ ਹਨ।

ਇਹ ਕੰਮ ਕੇਵਲ ਬਹੁਜਨ ਸਮਾਜ ਦੀ ਰਾਜਨੀਤਿਕ ਪਾਰਟੀ ਦਾ ਸਾਥ ਦੇ ਕੇ ਹੀ ਹੋ ਸਕਦਾ, ਕਿਉਂਕਿ ਬਾਕੀ ਸਾਰੇ ਦਲਾਂ ਦਾ ਅੰਦਰੂਨੀ ਵਿਚਾਰਧਾਰ ਇਕੋ ਹੀ ਹੈ, ਉਹ ਸਰਮਾਏਦਾਰ ਦੇ ਧਨ ਨਾਲ ਚੋਣ ਦੰਗਲ ਕਰਦੇ ਸਰਕਾਰਾਂ ਬਦਲਦੇ ਹਨ। ਉਹ ਕਦੇ ਵੀ ਸਰਮਾਏਦਾਰਾਂ ਦੇ ਪੱਖੀ ਅਤੇ ਆਮ ਜਨਤਾ ਦਾ ਸ਼ੋਸ਼ਣ ਕਰਨ ਵਾਲੀ ਵਿਵਸਥਾ ਨੂੰ ਕਦੇ ਵੀ ਨਹੀਂ ਬਦਲਦੇ ਨਾਂ ਹੀ ਬਦਲਣਗੇ।

# ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਵਿੱਚ ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ‘ਤੇ ਗੁੱਸਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਜੂਨ INTERNATIONAL PAPER, 9463601616 hardipchumber57@gmail.com

ਬਾਗੇਸ਼ਵਰ। ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਵਿੱਚ ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ‘ਤੇ ਗੁੱਸਾ ਪ੍ਰਗਟ ਕੀਤਾ ਗਿਆ। ਪਿੰਡਾਂ ਦੇ ਵਿਕਾਸ ਦੇ ਨਾਮ ‘ਤੇ ਕਿਤੇ ਹੋਰ ਪੈਸਾ ਖਰਚ ਕਰਨ ਦਾ ਦੇਸ਼ ਬਾਗੇਸ਼ਵਰ। ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਵਿੱਚ ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ‘ਤੇ ਗੁੱਸਾ ਪ੍ਰਗਟ ਕੀਤਾ ਗਿਆ। ਪਿੰਡਾਂ ਦੇ ਵਿਕਾਸ ਦੇ ਨਾਮ ‘ਤੇ ਕਿਤੇ ਹੋਰ ਪੈਸਾ ਖਰਚ ਕਰਨ ਦਾ ਦੋਸ਼। ਕਿਹਾ ਕਿ ਤਿੰਨ ਪੱਧਰੀ ਪੰਚਾਇਤ ਚੋਣਾਂ ‘ਤੇ ਵੀ ਚਰਚਾ ਕੀਤੀ ਗਈ। ਸਥਾਨਕ ਹੋਟਲ ਵਿੱਚ ਹੋਈ ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਓਮ ਪ੍ਰਕਾਸ਼ ਟਮਟਾ ਨੇ ਕੀਤੀ। ਮੀਟਿੰਗ ਵਿੱਚ ਸੂਬਾ ਲੀਡਰਸ਼ਿਪ ਨੇ ਜ਼ਿਲ੍ਹਾ ਇਕਾਈ ਦਾ ਜਾਇਜ਼ਾ ਲਿਆ। ਸੂਬਾ ਇੰਚਾਰਜ ਸਮਸੁਦੀਨ ਰੇਨ, ਸੂਬਾ ਇੰਚਾਰਜ ਦਯਾਚਰਨ, ਸੂਬਾ



ਪ੍ਰਧਾਨ ਪ੍ਰਵੀਨ ਸੈਣੀ, ਸੂਬਾ ਉਪ ਪ੍ਰਧਾਨ ਬੀ.ਆਰ. ਧੋਨੀ ਆਦਿ ਨੇ ਜ਼ਿਲ੍ਹਾ, ਵਿਧਾਨ ਸਭਾ, ਸੈਕਟਰ ਅਤੇ ਬੂਥ ਕਮੇਟੀਆਂ ਨੂੰ ਮਜ਼ਬੂਤ ਕਰਨ ਲਈ ਕਿਹਾ।

# ਬਸਪਾ ਤੋਂ ਬਿਨਾਂ ਤੁਸੀਂ ਆਪਣਾ ਵਜੂਦ ਖਤਮ ਕਰ ਲਓਗੇ --ਭੈਣ ਕਮਲੇਸ਼ ਅਹੀਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਜੂਨ INTERNATIONAL PAPER, 9463601616 hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ )ਬਰੈਂਪਟਨ, ਓਨਟਾਰੀਓ ਮਈ ਮਹੀਨੇ ਕੁਝ ਦਿਨਾਂ ਦੀ ਫੇਰੀ ਤੇ ਬਸਪਾ ਵਰਕਰ ਗੁਰਨਮ ਕੁੰਟ ਨਾਲ ਉਣਾ ਦੇ ਘਰ ਮਿਲਣ ਦਾ ਸੁਭਾਗ ਪ੍ਰਾਪਤ ਹੋਈਆਂ। ਵੱਡੀ ਬੇਟੀ ਨੇ ਹਾਈ ਸਕੂਲ ਦੀ Gredua-tion ਕਰ ਲਈ ਹੈ, ਅੱਗੇ ਮੈਡੀਕਲ ਲਾਇਨ ਵਿੱਚ ਜਾਣ ਲਈ ਯੂਨੀਵਰਸਿਟੀ ਲਈ ਰੇਡੀ ਹੈ। ਮਿਸ਼ਨ ਪ੍ਰਤੀ ਬਹੁਤ ਸਾਰੀਆ ਕਮੀਆ ਪੇਸ਼ੀਆ ਅਤੇ ਕਾਮਯਾਬੀ ਵਾਲਿਆ ਬਹੁਤ ਸਾਰੀਆ ਡਿਸਕਸ਼ਨਾ ਹੋਈਆਂ। ਮੇਰੇ ਨਾਲ ਦਿੱਲੀ ਤੋਂ ਵੱਡਾ ਭਰਾ ਕੇਪੀ ਚੌਧਰੀ ਵੀ ਸੀ, ਜਿੰਨਾ ਨਾਲ ਬਸਪਾ ਵਾਰੇ ਕਾਫੀ ਖੁਲ ਕੇ ਗੱਲ ਹੋਈ ਅਤੇ ਮੇਰਾ ਤਾਂ ਉਨ੍ਹਾਂ ਨੂੰ ਇਹੀ ਕਹਿਣਾ ਸੀ ਕਿ ਬਸਪਾ ਤੋਂ ਬਿਨਾ ਤੁਸੀ ਸਭ ਆਪਣਾ ਵਜੂਦ ਖਤਮ ਕਰ ਜਾਵੇਗੇ, ਇਸ ਕਰਕੇ ਇਸ ਵਾਰੇ ਸੋਚ ਵਿਚਾਰ ਕਰੋ। ਏਸਰੋ ਦੇ ਪ੍ਰਧਾਨ ਰਸ਼ਪਾਲ ਭਾਰਦਵਾਜ ਵੀ ਕਾਨਫਰੰਸ ਵਿੱਚ ਗਏ ਸੀ, ਇਹ ਵੀ ਗੁਰਨਮ ਕੁੰਟ ਨੂੰ ਮਿਲੇ, ਡਾਕਟਰ ਨਰਿੰਦਰ ਕੁਮਾਰ ਲੁਧਿਆਣਵੀ ਜੀ ਆਪਣਾ ਕੀਮਤੀ ਸਮਾਂ ਨਿਕਾਲ ਕੇ ਗੁਰਨਮ ਕੁੰਟ ਦੇ ਘਰ ਲੈਕੇ ਗਏ। ਸਾਹਿਬ ਜੀ ਦੇ ਸੱਚੇ ਵਰਕਰ ਕਦੀ ਵੀ ਆਪਣੇ ਵਿਚਾਰਾਂ ਤੋਂ ਵੱਖ ਨਹੀਂ ਹੁੰਦੇ, ਇਸ ਨੂੰ ਹੀ ਮਿਸ਼ਨ ਕਿਹਾ ਜਾਂਦਾ ਹੈ, ਕਿ ਸੱਚ ਤੇ ਅੜੇ ਰਹਿਣਾ, ਅਤੇ ਝੂਠ ਦੇ ਪ੍ਰਦੇਫਾਸ ਕਰਦੇ ਰਹਿਣਾ। ਸੱਚ ਤੇ ਪਹਿਰਾ ਦੇਣ ਵਾਲੇ ਲੋਕ ਬਹੁਤ ਘਟ ਹੁੰਦੇ ਹਨ ਪਰ ਹੋਣ ਸੋਲਿਡ, ਗੁਰਨਾਮ ਕੁੰਟ ਦੀ ਤਰਾਂ। ਜੈ ਭੀਮ ਜੈ ਭਾਰਤ ਨਮੋ ਬੁੱਧਏ ਜੈ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ। ਕਮਲੇਸ਼ ਕੁਮਾਰੀ ਕੈਨੇਡਾ।

# ਲਵਪ੍ਰੀਤ ਕਲੇਰ ਕਨੇਡਾ ਦੀ ਕਨੇਡੀਅਨ ਆਰਮਡ ਨੇਵੀ ਵਿੱਚ ਭਰਤੀ ਹੋਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਜੂਨ INTERNATIONAL PAPER, 9463601616 hardipchumber57@gmail.com

ਫਿਲੌਰ( ਚਰਨਜੀਤ ਸੱਲ੍ਹਾਂ )ਅੱਜ ਸਾਡੇ ਫਿਲੌਰ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਾਡੇ ਫਿਲੌਰ ਦਾ ਮੁਹੱਲਾ ਰਵਿਦਾਸਪੁਰਾ ਦਾ ਰਹਿਣ ਵਾਲਾ ਲਵਪ੍ਰੀਤ ਕਲੇਰ ਪੁੱਤਰ ਸਵ ਮਦਨ ਲਾਲ ਕਲੇਰ ਜੀ ਅਤੇ ਮਾਤਾ ਇੰਦਰਜੀਤ ਕੌਰ ਦੇ ਘਰ ਦਾ ਚਿਰਾਗ ਕਨੇਡਾ ਦੀ ਧਰਤੀ ਉਪਰ ਕਨੇਡੀਅਨ ਆਰਮਡ ਫੋਰਸ ਕੇਨੇਡੀਅਨ ਨੇਵੀ ਵਿੱਚ ਭਰਤੀ ਹੋਇਆ ਹੈ । ਲਵਪ੍ਰੀਤ ਕਲੇਰ ਨੇ ਪੜ ਕੇ ਕਨੇਡਾ ਦੀ ਧਰਤੀ ਤੇ ਜਾ ਕੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ ।ਅਸੀ ਉਸ ਦੀ ਤਰੱਕੀ ਉਪਰ ਬਹੁਤ ਮਾਣ ਮਹਿਸੂਸ ਕਰਦੇ ਹਾਂ । ਅਸੀ Phillaur Live ਵਲੋਂ ਸਾਰੇ ਪਰਿਵਾਰ ਨੂੰ ਅਤੇ ਸਮੂਹ ਫਿਲੌਰ ਨਿਵਾਸੀਆਂ ਨੂੰ ਵਧਾਈ ਦਿੰਦੇ ਹਾਂ । ਲਵਪ੍ਰੀਤ ਕਲੇਰ ਨੇ ਜਿੱਥੇ ਰਵਿਦਾਸਪੁਰਾ ਫਿਲੌਰ ਦਾ ਨਾਮ ਰੌਸ਼ਨ ਕੀਤਾ ਹੈ ਉਥੇ ਉਸ ਨੇ ਸਾਡੇ ਸਾਰੇ ਫਿਲੌਰ ਦਾ ਨਾਮ ਰੌਸ਼ਨ ਕੀਤਾ ਹੈ ਲਵਪ੍ਰੀਤ ਹੋਰ ਵੀ ਨੌਜਵਾਨਾਂ ਲਈ ਪ੍ਰੇਣਾ ਸਰੋਤ ਬਣੇਗਾ ।



Phillaur Live ਲਵਪ੍ਰੀਤ ਦੇ ਹੋਰ ਚੰਗੇਰੇ ਭਵਿੱਖ ਲਈ ਕਾਮਨਾ ਕਰਦਾ ਹੈ ।

# ਮੁੱਖ ਮੰਤਰੀ ਦੀ ਅਗਵਾਈ ਵਾਲੀ ਕੈਬਨਿਟ ਵੱਲੋਂ ਜੇਲ੍ਹ ਵਿਭਾਗ ਵਿੱਚ 500 ਖ਼ਾਲੀ ਅਸਾਮੀਆਂ ਭਰਨ ਨੂੰ ਪ੍ਰਵਾਨਗੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਜੂਨ INTERNATIONAL PAPER, 9463601616 hardipchumber57@gmail.com

ਪੰਜਾਬ ਵਿੱਚ ਸਿੱਧੀ ਭਰਤੀ ਕੋਟੇ ਤਹਿਤ ਸਹਾਇਕ ਸੁਪਰਡੈਂਟ, ਵਾਰਡਰ ਅਤੇ ਮੈਟਰਨ ਦੀਆਂ 500 ਖ਼ਾਲੀ ਅਸਾਮੀਆਂ ਦੀ ਭਰਤੀ ਨੂੰ ਸਹਿਮਤੀ ਦੇ ਦਿੱਤੀ ਹੈ। ਇਸ ਭਰਤੀ ਵਿੱਚ 29 ਸਹਾਇਕ ਸੁਪਰਡੈਂਟ, 451 ਵਾਰਡਰ ਅਤੇ 20 ਮੈਟਰਨ ਸ਼ਾਮਲ ਹੋਣਗੇ, ਜਿਨ੍ਹਾਂ ਦੀ ਚੋਣ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਕੀਤੀ ਜਾਵੇਗੀ, ਜਿਸ ਨਾਲ ਜੇਲ੍ਹਾਂ ਵਿੱਚ ਸੁਰੱਖਿਆ ਵਧਾਉਣ ਵਿੱਚ ਮਦਦ ਮਿਲੇਗੀ। ਇਹ ਕਦਮ ਜੇਲ੍ਹਾਂ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸੁਰੱਖਿਅਤ ਬਣਾਉਣ ਵਿੱਚ ਸਹਾਈ ਹੋਵੇਗਾ।

# 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਾਉਣ ਵਾਲੇ ਰੇਨੂੰ ਕਾਂਤ ਗਿਰੋਹ ਦਾ ਪਰਦਾਫਾਸ਼

**ਪਟਿਆਲਾ ਪੁਲਿਸ ਵੱਲੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜਾਅਲੀ ਜ਼ਮਾਨਤਾਂ ਕਰਾਉਣ ਵਾਲੇ 9 ਕਾਬੂ-ਵਰੁਣ ਸ਼ਰਮਾ -4 ਜਾਅਲੀ ਮੋਹਰਾਂ, 22 ਫ਼ਰਦਾਂ, ਅਧਾਰ ਕਾਰਡ ਅਤੇ ਹੋਰ ਦਸਤਾਵੇਜ ਵੀ ਬਰਾਮਦ -ਜਾਅਲੀ ਦਸਤਾਵੇਜ ਤਿਆਰ ਕਰਨ ਲਈ 1 ਟੈਬ ਸੈਮਸੰਗ ਅਤੇ 1 ਮੈਮਰੀਕਾਰਡ ਵੀ ਮਿਲਿਆ**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com



ਪਟਿਆਲਾ, 21 ਜੂਨ 2025 : ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਹੈ ਕਿ ਪਟਿਆਲਾ ਪੁਲਿਸ ਵੱਲੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜਾਅਲੀ ਜ਼ਮਾਨਤਾਂ ਕਰਾਉਣ ਵਾਲੇ 9 ਕਾਬੂ ਕੀਤੇ ਗਏ ਹਨ, ਜਿਨ੍ਹਾਂ ਕੋਲੋਂ 4 ਜਾਅਲੀ ਮੋਹਰਾਂ, 22 ਫ਼ਰਦਾਂ, ਅਧਾਰ ਕਾਰਡ ਅਤੇ ਹੋਰ ਦਸਤਾਵੇਜ ਵੀ ਬਰਾਮਦ ਹੋਣ ਸਮੇਤ ਜਾਅਲੀ ਦਸਤਾਵੇਜ ਤਿਆਰ ਕਰਨ ਲਈ 1 ਟੈਬ ਸੈਮਸੰਗ ਅਤੇ 1 ਮੈਮਰੀਕਾਰਡ ਵੀ ਮਿਲਿਆ ਹੈ।

ਵਰੁਣ ਸ਼ਰਮਾ ਨੇ ਦੱਸਿਆ ਕਿ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆ ਵਿਰੁੱਧ ਚਲਾਈ ਮੁਹਿਮ ਤਹਿਤ ਉਸ ਸਮੇਂ ਕਾਮਯਾਬੀ ਮਿਲੀ ਜਦੋਂ ਐਸ ਪੀ ਜਾਂਚ ਗੁਰਬੰਸ ਸਿੰਘ ਬੈਂਸ ਤੇ ਡੀਐਸਪੀ ਜਾਂਚ ਰਾਜੇਸ਼ ਕੁਮਾਰ ਮਲਹੋਤਰਾ ਦੀ ਅਗਵਾਈ ਵਿੱਚ ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਇੰਚਾਰਜ ਸੀ.ਆਈ.ਏ ਪਟਿਆਲਾ ਸਮੇਤ ਪੁਲਿਸ ਪਾਰਟੀ ਵੱਲੋਂ ਇਸ ਮੁਹਿੰਮ ਤਹਿਤ ਨਸ਼ਾ ਤਸਕਰਾਂ, ਇਰਾਦਾ ਕਤਲ, ਧੋਖਾਧੜੀ ਅਤੇ ਹੋਰ ਸੰਗੀਨ ਜੁਰਮਾਂ ਵਿੱਚ ਜੇਲਾਂ ਵਿੱਚ ਬੰਦ ਅਪਰਾਧੀਆਂ ਦੀਆਂ ਜ਼ਮਾਨਤਾਂ ਲਈ ਜਾਅਲੀ ਦਸਤਾਵੇਜ ਤਿਆਰ ਕਰਕੇ ਅਸਲ ਵਿਅਕਤੀਆਂ ਦੀ ਜਗ੍ਹਾ 'ਤੇ ਆਪਣੇ ਗਿਰੋਹ ਦੇ ਮੈਂਬਰਾਂ ਦੇ ਜਾਅਲੀ ਦਸਤਾਵੇਜ ਤਿਆਰ ਕਰਕੇ ਸਬੰਧਤ ਮਾਣਯੋਗ ਅਦਾਲਤਾਂ ਤੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਾਉਣ ਵਾਲੇ ਰੇਨੂੰ ਕਾਂਤ ਗਿਰੋਹ ਦਾ ਪਰਦਾਫਾਸ਼ ਕਰਕੇ ਰੇਨੂੰ ਕਾਂਤ ਪੁੱਤਰ ਮਲੂਕ ਦਾਸ ਵਾਸੀ ਪਟਿਆਲਾ ਇਨਕਲੇਵ ਸਨੌਰ, ਸਤਪਾਲ ਉਰਫ ਸੰਨੀ ਪੁੱਤਰ ਘਣਈਆਂ ਲਾਲ ਵਾਸੀ ਦਸਮੇਸ ਨਗਰ ਕੋਟਕਪੁਰਾ ਰੋਡ ਸ੍ਰੀ ਮੁਕਤਸਰ ਸਾਹਿਬ, ਗੁਰਦੀਪ ਸਿੰਘ ਉਰਫ ਰਵੀ ਪੁੱਤਰ ਹਰਚੰਦ ਸਿੰਘ ਵਾਸੀ ਪਿੰਡ ਦਿੱਤੂਪੁਰ ਜੱਟਾਂ ਪਟਿਆਲਾ, ਹਾਕਮ ਸਿੰਘ ਪੁੱਤਰ ਚਰਨ ਸਿੰਘ ਵਾਸੀ ਛੱਜੂਭੱਟ ਥਾਣਾ ਸਦਰ ਨਾਭਾ, ਕੁਲਵਿੰਦਰ ਸਿੰਘ ਉਰਫ ਰੋਹਿਤ ਪੁੱਤਰ ਨਿਰਮਲ ਸਿੰਘ ਵਾਸੀ ਮਹਾਵੀਰ ਕਲੋਨੀ ਭਵਾਨੀਗੜ੍ਹ, ਲਵਪ੍ਰੀਤ ਸਿੰਘ ਉਰਫ ਲਵੀ ਪੁੱਤਰ ਫ਼ੱਕਰ ਸਿੰਘ ਵਾਸੀ ਵਾਰਡ ਨੰਬਰ 9 ਭਵਾਨੀਗੜ੍ਹ, ਸੰਦੀਪ ਸਿੰਘ ਉਰਫ ਗੱਗੀ ਪੁੱਤਰ ਰਣਧੀਰ ਸਿੰਘ, ਧੀਰਾ ਸਿੰਘ ਪੁੱਤਰ ਲੀਲਾ ਸਿੰਘ ਅਤੇ ਜਗਦੀਪ ਸਿੰਘ ਉਰਫ ਦੀਪ ਪੁੱਤਰ ਰਣਧੀਰ ਸਿੰਘ ਸਾਰੇ ਵਾਸੀਅਨ ਬਾਬਾ ਸੰਗਤਸਰ ਨਗਰ ਭਵਾਨੀਗੜ੍ਹ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਐਸ ਐਸ ਪੀ ਨੇ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਨ੍ਹਾਂ ਦੇ ਕਬਜੇ ਵਿੱਚੋਂ 4 ਜਾਅਲੀ ਮੋਹਰਾਂ, 22 (ਫ਼ਰਦਾਂ, ਅਧਾਰ ਕਾਰਡ ਅਤੇ ਹੋਰ ਦਸਤਾਵੇਜ) ਅਤੇ ਜਾਅਲੀ ਦਸਤਾਵੇਜ ਤਿਆਰ ਕਰਨ ਲਈ ਇਕ ਟੈਬ ਸੈਮਸੰਗ ਸਮੇਤ ਮੈਮਰੀ ਕਾਰਡ ਅਤੇ ਆਈ 20 ਕਾਰ ਆਦਿ ਬਰਾਮਦ ਕਰਾਉਣ ਦੀ ਸਫਲਤਾ ਹਾਸਲ ਹੋਈ ਹੈ।

ਘਟਨਾਂ ਦਾ ਵੇਰਵਾ ਦਿੰਦਿਆਂ ਜਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਸੀ.ਆਈ.ਏ ਪਟਿਆਲਾ ਨੂੰ ਮਿਤੀ 19 ਜੂਨ 2025 ਨੂੰ ਗੁਪਤ ਸੂਚਨਾਂ ਮਿਲੀ ਕਿ ਰੇਨੂੰ ਕਾਂਤ ਨੇ ਇਕ ਗਿਰੋਹ ਬਣਾਇਆ ਹੋਇਆ ਹੈ ਜੋ ਨਸ਼ਾ ਤਸਕਰਾਂ ਅਤੇ ਹੋਰ ਸੰਗੀਨ ਜੁਰਮਾਂ ਤਹਿਤ ਜੇਲਾਂ ਵਿੱਚ ਬੰਦ ਅਪਰਾਧੀਆਂ ਦੀਆਂ ਜ਼ਮਾਨਤਾਂ ਕਰਾਉਣ ਲਈ ਆਪਣੇ ਗਿਰੋਹ ਮੈਂਬਰਾਂ ਨਾਲ ਮਿਲਕੇ ਜਾਅਲੀ ਦਸਤਾਵੇਜ ਤਿਆਰ ਕਰਕੇ ਮਾਣਯੋਗ ਅਦਾਲਤਾਂ ਨੂੰ ਹਨੇਰੇ ਵਿੱਚ ਰੱਖਕੇ ਆਪਸੀ ਮਿਲੀਭੁਗਤ ਨਾਲ ਜਾਅਲੀ / ਫਰਜੀ ਜ਼ਮਾਨਤਾਂ ਕਰਾਉਦੇ ਹਨ। ਇਸ ਤਹਿਤ ਰੇਨੂੰ ਕਾਂਤ, ਸਤਪਾਲ ਉਰਫ ਸੰਨੀ, ਗੁਰਦੀਪ ਸਿੰਘ ਉਰਫ ਰਵੀ, ਹਾਕਮ ਸਿੰਘ, ਕੁਲਵਿੰਦਰ ਸਿੰਘ ਓਰਫ ਰੋਹਿਤ, ਸੰਦੀਪ ਸਿੰਘ ਉਰਫ ਗੱਗੀ, ਲਵਪ੍ਰੀਤ ਸਿੰਘ ਲਵੀ ਅਤੇ ਧੀਰਾ ਸਿੰਘ ਖਿਲਾਫ ਮੁਕੱਦਮਾ ਨੰਬਰ 77 ਮਿਤੀ 19.06.2025 ਅ/ਧ 318(4), 319(2),336(3) ,338,340(2),111,61(2) ਬੀ.ਐਨ.ਐਸ.ਥਾਣਾ ਲਾਹੌਰੀ ਗੇਟ ਦਰਜ ਕੀਤਾ ਗਿਆ ਹੈ।

ਐਸ ਐਸ ਪੀ ਨੇ ਦੱਸਿਆ ਕਿ ਤਫ਼ਤੀਸ਼ ਦੌਰਾਨ ਮਿਤੀ 20 ਜੂਨ 2025 ਨੂੰ ਰੇਨੂੰ ਕਾਂਤ, ਸਤਪਾਲ ਉਰਫ ਸੰਨੀ, ਗੁਰਦੀਪ ਸਿੰਘ ਉਰਫ ਰਵੀ, ਹਾਕਮ ਸਿੰਘ, ਕੁਲਵਿੰਦਰ ਸਿੰਘ ਓਰਫ ਰੋਹਿਤ ਨੂੰ ਨੇੜੇ ਬਾਰਾਦਰੀ ਨੇੜੇ ਲੇਬਰ ਚੋਕ ਤੋਂ ਗ੍ਰਿਫ਼ਤਾਰ ਗ੍ਰਿਫਤਾਰ ਕੀਤਾ ਗਿਆ ਅਤੇ ਸੰਦੀਪ ਸਿੰਘ ਉਰਫ ਗੱਗੀ, ਲਵਪ੍ਰੀਤ ਸਿੰਘ ਲਵੀ, ਧੀਰਾ ਸਿੰਘ ਅਤੇ ਜਗਦੀਪ ਸਿੰਘ ਉਰਫ ਦੀਪ ਨੂੰ ਮਿਤੀ 21 ਜੂਨ 2025 ਨੂੰ ਨੇੜੇ ਪੁਰਾਣਾ ਬੱਸ ਅੱਡਾ ਵਿਕਾਸ ਨਗਰ ਤੋਂ ਗ੍ਰਿਫਤਾਰ ਕੀਤਾ ਗਿਆ।

ਐਸ.ਐਸ.ਪੀ.ਪਟਿਆਲਾ ਨੇ ਦੱਸਿਆ ਕਿ ਇਸ ਗਿਰੋਹ ਦਾ ਮੁੱਖ ਸਰਗਨਾ ਰੇਨੂੰ ਕਾਂਤ ਹੈ ਅਤੇ ਇਸ ਗਿਰੋਹ ਦੇ ਕਈ ਮੈਂਬਰਾਂ ਖਿਲਾਫ਼ ਪਹਿਲਾਂ ਹੀ ਧੋਖਾਧੜੀ ਅਤੇ ਹੋਰ ਜੁਰਮਾਂ ਤਹਿਤ ਮੁਕੱਦਮੇ ਦਰਜ ਹਨ ਅਤੇ ਇਹ ਗਿਰੋਹ ਜੇਲ ਵਿੱਚ ਬੰਦ ਅਪਰਾਧੀਆਂ, ਜਿਹਨਾ ਦੀ ਮਾਣਯੋਗ ਅਦਾਲਤਾਂ ਤੋਂ ਜ਼ਮਾਨਤਾਂ ਹੋ ਜਾਂਦੀਆਂ ਸਨ ਤਾਂ ਉਹਨਾਂ ਦੋਸ਼ੀਆਂ ਨਾਲ ਸੰਪਰਕ ਕਰਕੇ ਜਮਾਨਤਾਂ ਭਰਾਉਣ ਲਈ ਮਾਲ ਮਹਿਕਮੇ ਵਿੱਚ ਆਨ ਲਾਇਨ ਫਰਦਾਂ ਕਢਾਉਣ ਲਈ ਟੋਕਨ ਹਾਸਲ ਕਰਨ ਲਈ ਅਪਲਾਈ ਕਰਦੇ ਹਨ, ਫਰਦ ਕਢਾਉਣ ਲਈ ਤਹਿਸੀਲਦਾਰ ਦੀ ਜਾਅਲੀ ਮੋਹਰ ਅਤੇ ਦਸਤਖਤ ਕਰਕੇ ਹਲਕਾ ਪਟਵਾਰੀ ਦੀ ਰਿਪੋਰਟ ਜਾਅਲੀ ਤਿਆਰ ਕਰਕੇ ਫ਼ਰਦਾਂ ਕਢਵਾ ਲੈਂਦੇ ਸੀ ਅਤੇ ਫਿਰ ਪੰਚਾਇਤ ਮੈਂਬਰ (ਪੰਚ) ਦਾ ਸ਼ਨਾਖਤੀ ਕਾਰਡ ਜਾਅਲੀ ਤਿਆਰ ਕਰਕੇ ਬੀਡੀਪੀਓ ਦੀ ਜਾਅਲੀ ਮੋਹਰਾਂ ਲਾਕੇ, ਜਾਅਲੀ ਦਸਤਖਤ ਕਰਕੇ ਜਾਅਲੀ ਸ਼ਨਾਖ਼ਤੀ ਕਾਰਡ ਤਿਆਰ ਕਰਦੇ ਸੀ, ਫਰਦ ਵਾਲੇ ਅਸਲ ਵਿਅਕਤੀ ਦੀ ਜਗਾ ਪਰ ਆਪਣੇ ਗਿਰੋਹ ਦੇ ਮੈਂਬਰਾਂ ਦੀ ਫੋਟੋਆਂ ਲਗਾਕੇ ਸਾਰੇ ਸਬੰਧਤ ਕਾਗਜ਼ਾਤ ਤਿਆਰ ਕਰਕੇ ਸਬੰਧਤ ਮਾਣਯੋਗ ਅਦਾਲਤ ਤੋਂ ਦੋਸੀਆਨ ਦੀ ਜਮਾਨਤਾਂ ਭਰਾਉਦੇ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੇ ਪਿਛਲੇ ਅਰਸੇ ਦੌਰਾਨ 150 ਤੋਂ ਵੱਧ ਨਸ਼ਾ ਤਸਕਰ, ਇਰਾਦਾ ਕਤਲ ਅਤੇ ਹੋਰ ਸੰਗੀਨ ਜੁਰਮਾਂ ਦੇ ਦੋਸੀਆਨ ਦੀਆਂ ਜਾਅਲੀ ਜ਼ਮਾਨਤਾਂ ਭਰਾਈਆਂ ਹਨ ਅਤੇ ਇੰਨ੍ਹਾਂ ਵੱਲੋਂ ਜਾਅਲੀ ਜ਼ਮਾਨਤਾਂ ਭਰਾਉਣ ਨਾਲ ਵਾਰ ਵਾਰ ਜੁਰਮ ਕਰਨ ਵਾਲੇ ਨਸ਼ਾ ਤਸਕਰ ਅਤੇ ਹੋਰ ਅਪਰਾਧੀ ਜੇਲਾਂ ਵਿੱਚ ਬਾਹਰ ਆਏ ਹਨ। ਉਨ੍ਹਾਂ ਹੋਰ ਕਿਹਾ ਕਿ ਜਮਾਨਤ ਭਰਾਉਣ ਸਮੇਂ ਕੋਰਟ ਦੀ ਵੈਬਸਾਇਟ ਤੇ ਓਟੀਪੀ ਜਾਰੀ ਹੁੰਦਾ ਹੈ ਜੋ ਉਹ ਓਟੀਪੀ ਨੂੰ ਮਿਲੀਭੁਗਤ ਅਤੇ ਜਾਅਲਸਾਜੀ ਕਰਕੇ ਹਾਸਲ ਕਰਦੇ ਹਨ ਇਸ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਐਸ.ਐਸ.ਪੀ. ਪਟਿਆਲਾ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਦੋਸੀਆਨ ਨੂੰ ਅੱਜ ਮਿਤੀ 21.06.2025 ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਇਸ ਗਿਰੋਹ ਦੀ ਪੁੱਛਗਿੱਛ ਦੌਰਾਨ ਹੋਰ ਜਿਹੜੇ ਵੀ ਵਿਅਕਤੀਆਂ ਦੇ ਨਾਮ ਸਾਹਮਣੇ ਆਏ ਉਹਨਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ।

# ਭ੍ਰਿਸ਼ਟਾਚਾਰ ਦੇ ਦੋਸ਼ 'ਚ ਗ੍ਰਿਫ਼ਤਾਰ ਵਿਧਾਇਕ ਰਮਨ ਅਰੋੜਾ ਦੀਆਂ ਵਧੀਆਂ ਮੁਸ਼ਕਲਾਂ

## ਫ਼ਰਜ਼ੀ ਪਾਵਰ ਆਫ਼ ਅਟਾਰਨੀ ਬਣਾ ਕੇ 35 ਮਰਲੇ ਜ਼ਮੀਨ 'ਤੇ ਕਬਜ਼ਾ ਕਰਨ ਦੇ ਲੱਗੇ ਦੋਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com

ਵਿਧਾਇਕ ਰਮਨ ਅਰੋੜਾ ਜਿਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ, ਇਕ ਵਾਰ ਫਿਰ ਮੁਸ਼ਕਲਾਂ ਵਿਚ ਘਿਰ ਗਏ ਹਨ। ਹੁਣ ਵਿਧਾਇਕ ਰਮਨ ਵਿਰੁਧ 35 ਮਰਲੇ ਪ੍ਰਾਈਮ ਲੋਕੇਸ਼ਨ ਪ੍ਰਾਪਰਟੀ ਨੂੰ ਮਿਲੀਭੁਗਤ ਨਾਲ ਹਥਿਆਉਣ ਅਤੇ ਫਿਰ ਫਰਜ਼ੀ ਪਾਵਰ ਆਫ ਅਟਾਰਨੀ ਬਣਾ ਕੇ ਬਾਅਦ ਵਿਚ ਰਜਿਸਟਰੀ ਕਰਵਾ ਕੇ ਕਬਜ਼ਾ ਕਰਨ ਦੇ ਦੋਸ਼ ਵਿਚ ਡੀ. ਜੀ. ਪੀ. ਗੌਰਵ ਯਾਦਵ ਨੂੰ ਸ਼ਿਕਾਇਤ ਦਿੱਤੀ ਗਈ ਸੀ। ਹੁਣ ਡੀ. ਜੀ. ਪੀ. ਨੇ ਉਕਤ ਸ਼ਿਕਾਇਤ ਜਾਂਚ ਲਈ ਜਲੰਧਰ ਕਮਿਸ਼ਨਰੇਟ ਦੇ ਏ. ਡੀ. ਸੀ. ਪੀ. ਹੈੱਡਕੁਆਰਟਰ ਸੁਖਵਿੰਦਰ ਸਿੰਘ ਨੂੰ ਜਾਂਚ ਕਰਨ ਲਈ ਮਾਰਕ ਕੀਤੀ ਹੈ।

ਸੁਲਤਾਨਪੁਰ ਲੋਧੀ ਦੇ ਰਹਿਣ ਵਾਲੇ ਸ਼ਿਕਾਇਤਕਰਤਾ ਵਾਸੂ ਪਾਠਕ ਨੇ ਦੱਸਿਆ ਕਿ ਵਿਧਾਇਕ ਰਮਨ ਅਰੋੜਾ ਨੇ ਆਪਣੇ ਕੁੜਮ ਰਾਜੂ ਮਦਾਨ ਅਤੇ ਬੇਟੇ ਰਾਜਨ ਅਰੋੜਾ ਅਤੇ ਤਹਿਸੀਲਦਾਰ ਮਨਿੰਦਰ ਸਿੰਘ ਸਿੱਧੂ ਨਾਲ ਮਿਲ ਕੇ ਮੋਤਾ ਸਿੰਘ ਨਗਰ, ਵਸੰਤ ਵਿਹਾਰ ਰੋਡ ਵਿਚ ਖਸਰਾ ਨੰਬਰ 299, 29929/5014 (1-15) ਸਾਲਮ ਹਿੱਸਾ ਰਕਬਾ 35 ਮਰਲੇ ਪੈਮਾਇਸ਼ 207 ਵਰਗ ਫੁੱਟ ਦਾ ਫ਼ਰਜ਼ੀ ਪਾਵਰ ਆਫ ਅਟਾਰਨੀ ਬਣਾ ਕੇ ਕਰੋੜਾਂ ਰੁਪਏ ਦੀ ਜ਼ਮੀਨ ਉੱਪਰ ਕਬਜ਼ਾ ਕੀਤਾ ਹੈ। ਪੀੜਤ ਨੇ ਕਿਹਾ ਕਿ ਮੁਲਜ਼ਮਾਂ ਵਿਰੁਧ ਐੱਫ. ਆਈ. ਆਰ. ਦਰਜ ਕਰ ਕੇ ਕਾਰਵਾਈ ਕੀਤੀ ਜਾਵੇ ਅਤੇ ਪਲਾਟ ਦਾ ਕਬਜ਼ਾ ਉਨ੍ਹਾਂ ਨੂੰ ਦਿਵਾਇਆ ਜਾਵੇ।

ਜ਼ਿਕਰਯੋਗ ਹੈ ਕਿ ਇਸ ਕਥਿਤ ਜਾਅਲੀ ਪਾਵਰ ਆਫ ਅਟਾਰਨੀ 'ਤੇ ਜਿਸ ਨੰਬਰਦਾਰ ਨੇ



ਫਰਜ਼ੀ ਗਵਾਹੀ ਪਾਈ ਹੈ, ਉਹ ਲੰਮੇ ਸਮੇਂ ਤੋਂ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਇਸ ਲਈ ਪੁਲਿਸ ਵੱਲੋਂ ਜਾਂਚ ਵਿਚ ਇਸ ਨੰਬਰਦਾਰ ਵੱਲੋਂ ਪਾਈ ਗਈ ਗਵਾਹੀ ਨੂੰ ਲੈ ਕੇ ਵੀ ਜਾਂਚ ਕੀਤੀ ਜਾਵੇਗੀ।

# ਕਾਲਜ-ਪਾਰਟੀ ਕਰਨ ਵਾਲੀਆਂ ਕੁੜੀਆਂ ਡਰੱਗ ਸਿੰਡੀਕੇਟ ਦਾ ਬਣੀਆਂ ਨਿਸ਼ਾਨਾ

## ਡਰੱਗ ਮਾਫ਼ੀਆ ਦੇ ਜਾਲ 'ਚ ਫਸੀਆਂ ਦੋ ਕੁੜੀਆਂ ਨੂੰ 10-10 ਸਾਲ ਦੀ ਸਜ਼ਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com

ਰਾਏਪੁਰ ਵਿਚ ਡਰੱਗ ਸਿੰਡੀਕੇਟ ਹੁਣ ਸਮਾਜਕ ਦਾਇਰੇ ਵਿਚ ਸਰਗਰਮ ਚਿਹਰਿਆਂ ਦੀ ਭਾਲ ਕਰ ਰਿਹਾ ਹੈ। ਪਾਰਟੀਆਂ ਵਿਚ ਜਾਣ ਵਾਲੀਆਂ ਕੁੜੀਆਂ, ਕਾਲਜ ਦੀਆਂ ਵਿਦਿਆਰਥਣਾਂ ਅਤੇ ਇੰਸਟਾਗ੍ਰਾਮ ਕਹਾਣੀਆਂ 'ਤੇ 'ਕੂਲ' ਦਿਖਾਈ ਦੇਣ ਵਾਲੀਆਂ ਪ੍ਰੋਫ਼ਾਈਲਾਂ ਨਿਸ਼ਾਨਾ ਹਨ। ਇਸੇ ਤਰ੍ਹਾਂ, 2 ਕੁੜੀਆਂ ਡਰੱਗ ਸਿੰਡੀਕੇਟ ਵਿਚ ਫਸ ਗਈਆਂ, ਜਿਨ੍ਹਾਂ ਨੂੰ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ।

ਪਹਿਲੀ ਵਾਰ, ਰਾਏਪੁਰ



NDPS ਅਦਾਲਤ ਨੇ ਇਕ ਕੁੜੀ ਨੂੰ 10 ਸਾਲ ਦੀ ਸਜ਼ਾ ਸੁਣਾਈ ਹੈ। ਫ਼ੈਸਲੇ ਨੇ ਇਹ ਸਪੱਸ਼ਟ ਕਰ ਦਿਤਾ ਹੈ ਕਿ ਇਹ ਕੁੜੀਆਂ ਸਿਰਫ਼ ਉਪਭੋਗਤਾ ਨਹੀਂ ਸਨ, ਸਗੋਂ ਸਪਲਾਈ ਚੇਨ ਦਾ ਹਿੱਸਾ ਸਨ, ਜੋ ਕਿ ਨਸ਼ਿਆਂ ਨੂੰ ਅੱਗੇ ਵਧਾਉਣ ਦਾ ਇਕ ਸਾਧਨ ਸੀ। ਜਦੋਂ 10 ਜੂਨ ਨੂੰ ਰਾਏਪੁਰ ਦੇ ਅਦਾਲਤ ਕਮਰੇ ਵਿੱਚ NDPS ਜੱਜ ਨੇ ਸਜ਼ਾ ਸੁਣਾਈ, ਤਾਂ ਨੇਹਾ ਭਗਤ ਦੀਆਂ ਅੱਖਾਂ ਝੁਕ ਗਈਆਂ।

ਉਸੇ ਸਮੇਂ, ਪ੍ਰਿਆ ਸਵਰਨਕਰ ਦੇ ਚਿਹਰੇ 'ਤੇ ਪਛਤਾਵਾ ਅਤੇ ਅੱਖਾਂ ਵਿੱਚ ਹੰਝੂ ਸਨ। ਇਹ ਉਹੀ ਕੁੜੀਆਂ ਸਨ ਜਿਨ੍ਹਾਂ ਨੂੰ ਦੋ ਸਾਲ ਪਹਿਲਾਂ ਪਾਰਟੀਆਂ ਅਤੇ ਇੰਸਟਾਗ੍ਰਾਮ ਕਹਾਣੀਆਂ ਵਿੱਚ 'ਕੂਲ' ਮੰਨਿਆ ਜਾਂਦਾ ਸੀ। ਉਹ ਮਹਿੰਗੀਆਂ ਪਾਰਟੀਆਂ ਅਤੇ 'ਬੋਲਡ' ਕੈਪਸ਼ਨ ਵਾਲੀਆਂ ਤਸਵੀਰਾਂ ਲਈ ਜਾਣੀਆਂ ਜਾਂਦੀਆਂ ਸਨ। ਇਹ ਦੋਵੇਂ ਰਾਏਪੁਰ-ਗੋਆ ਅਤੇ ਮੁੰਬਈ ਵਿਚ ਹਾਈ ਪ੍ਰੋਫ਼ਾਈਲ ਪਾਰਟੀਆਂ ਨੂੰ ਡਰੱਗ ਸਪਲਾਈ ਕਰਦੇ ਸਨ।

10 ਜੂਨ ਨੂੰ, ਦੋਵਾਂ ਕੁੜੀਆਂ ਦੇ ਸਾਹਮਣੇ 10 ਸਾਲ ਦੀ ਕੈਦ ਸੀ। ਉਨ੍ਹਾਂ ਦੇ ਪਿੱਛੇ ਕੋਈ ਇੰਸਟਾਗ੍ਰਾਮ ਸਟੋਰੀ ਨਹੀਂ ਸੀ, ਨਾ ਹੀ ਫਾਲੋਅਰਜ਼ ਦੀ ਭੀੜ ਸੀ। ਉਨ੍ਹਾਂ ਦੇ ਨਾਲ, ਉਨ੍ਹਾਂ ਦੇ 3 ਹੋਰ ਸਾਥੀ ਪ੍ਰਖਰ ਮਾਰਵਾ, ਮੁਹੰਮਦ ਆਵੇਸ਼ ਅਤੇ ਅਭੈ ਕੁਮਾਰ ਮਿਰਚੇ ਵੀ ਉਸੇ ਅਦਾਲਤ ਦੇ ਕਮਰੇ ਵਿਚ ਸਨ। ਸਾਰਿਆਂ ਨੂੰ 10 ਸਾਲ ਦੀ ਕੈਦ ਅਤੇ 1-1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ।

# ਤਹਿਰਾਨ ਦੇ ਪਰਮਾਣੂ ਵਾਰਤਾ ਤੋਂ ਇਨਕਾਰ ਪਿੱਛੋਂ ਇਰਾਨ ਤੇ ਇਜ਼ਰਾਈਲ ਵੱਲੋਂ ਇਕ-ਦੂਜੇ 'ਤੇ ਹਮਲੇ

**ਇਰਾਨ ਨੇ ਤਲ ਅਵੀਵ 'ਤੇ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਤੇ ਇਜ਼ਰਾਈਲੀ ਹਵਾਈ ਰੱਖਿਆ ਪ੍ਰਣਾਲੀ ਨੇ ਮਿਜ਼ਾਈਲਾਂ ਫੁੰਡਣ ਲਈ ਕੀਤੀ ਕਾਰਵਾਈ; ਇਜ਼ਰਾਈਲ ਨੇ ਇਰਾਨੀ ਮਿਜ਼ਾਈਲ ਸਟੋਰੇਜ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com

ਇਰਾਨ ਵੱਲੋਂ ਇਕ ਦਿਨ ਪਹਿਲਾਂ ਕਿਸੇ ਹਮਲੇ ਜਾਂ ਧਮਕੀ ਦੇ ਡਰ ਤਹਿਤ ਪਰਮਾਣੂ ਗੱਲਬਾਤ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤੇ ਜਾਣ ਪਿੱਛੋਂ ਸ਼ਨਿੱਚਰਵਾਰ ਨੂੰ ਇਰਾਨ ਅਤੇ ਇਜ਼ਰਾਈਲ ਨੇ ਇਕ-ਦੂਜੇ ਦੇ ਟਿਕਾਣਿਆਂ ਉਤੇ ਤਾਜ਼ਾ ਹਮਲੇ ਕੀਤੇ ਹਨ, ਜਦੋਂਕਿ ਦੂਜੇ ਪਾਸੇ ਯੂਰਪ ਵੱਲੋਂ ਅਮਨ ਵਾਰਤਾ ਨੂੰ ਟੁੱਟਣ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਇਜ਼ਰਾਈਲ ਵਿਚ ਤੜਕੇ 2:30 ਵਜੇ (ਸ਼ੁੱਕਰਵਾਰ ਨੂੰ 2330 GMT) ਤੋਂ ਥੋੜ੍ਹੀ ਦੇਰ ਬਾਅਦ ਇਜ਼ਰਾਈਲੀ ਫ਼ੌਜ ਵੱਲੋਂ ਇਰਾਨ ਦੇ ਮਿਜ਼ਾਈਲ ਹਮਲੇ ਦੀ ਚੇਤਾਵਨੀ ਜਾਰੀ ਕੀਤੀ ਗਈ। ਇਸ ਦੇ ਨਾਲ ਹੀ ਤਲ ਅਵੀਵ ਸਮੇਤ ਕੇਂਦਰੀ ਇਜ਼ਰਾਈਲ ਦੇ ਕੁਝ ਹਿੱਸਿਆਂ ਵਿੱਚ ਹਵਾਈ ਹਮਲੇ ਦੇ ਸਾਇਰਨ ਵੱਜੇ। ਇਸ ਦੇ ਨਾਲ ਹੀ ਇਜ਼ਰਾਈਲ ਦੇ ਕਬਜ਼ੇ ਵਾਲੇ ਪੱਛਮੀ ਕੰਢੇ ਵਿੱਚ ਵੀ ਅਜਿਹੇ ਹੀ ਹਾਲਾਤ ਦੇਖਣ ਨੂੰ ਮਿਲੇ।

ਇਸ ਦੇ ਜਵਾਬ ਵਿਚ ਤਲ ਅਵੀਵ ਦੇ ਅਸਮਾਨ ਵਿੱਚ ਇਜ਼ਰਾਈਲ ਦੀ ਹਵਾਈ ਰੱਖਿਆ ਪ੍ਰਣਾਲੀ ਵੱਲੋਂ ਇਰਾਨੀ ਮਿਜ਼ਾਈਲਾਂ ਨੂੰ ਫੁੰਡਣ ਲਈ ਮਿਜ਼ਾਈਲਾਂ ਦਾਗੀਆਂ ਦਿਖਾਈ ਦੇ ਰਹੀਆਂ ਸਨ। ਇਸ ਕਾਰਨ ਤਲ ਅਵੀਵ ਮਹਾਂਨਗਰੀ ਖੇਤਰ ਵਿੱਚ ਧਮਾਕੇ ਗੂੰਜ ਰਹੇ ਸਨ।

ਦੂਜੇ ਪਾਸੇ ਇਜ਼ਰਾਈਲ ਨੇ ਵੀ ਇਰਾਨ ਵਿੱਚ ਮਿਜ਼ਾਈਲ ਸਟੋਰੇਜ ਅਤੇ ਲਾਂਚਿੰਗ ਬੁਨਿਆਦੀ ਢਾਂਚੇ ਦੇ ਸਥਾਨਾਂ 'ਤੇ ਨਵੇਂ ਸਿਰਿਉਂ ਹਮਲੇ ਕੀਤੇ ਹਨ। ਇਜ਼ਰਾਈਲ ਦੀ ਕੌਮੀ ਐਮਰਜੈਂਸੀ ਸੇਵਾ 'ਮੈਗੇਨ ਡੇਵਿਡ ਐਡੋਮ' (Magen David Adom) ਨੇ ਕਿਹਾ ਕਿ ਦੱਖਣੀ ਇਜ਼ਰਾਈਲ ਵਿੱਚ ਵੀ ਸਾਇਰਨ ਵੱਜੇ।

ਇੱਕ ਇਜ਼ਰਾਈਲੀ ਫੌਜੀ ਅਧਿਕਾਰੀ ਨੇ ਕਿਹਾ ਕਿ ਇਰਾਨ ਨੇ ਪੰਜ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਹਨ, ਪਰ ਕਿਸੇ ਸ਼ੁਰੂਆਤੀ ਜਾਨੀ ਨੁਕਸਾਨ ਦੀ ਰਿਪੋਰਟ ਨਹੀਂ ਹੈ। ਐਮਰਜੈਂਸੀ ਸੇਵਾ ਵੱਲੋਂ ਜਾਰੀ ਤਸਵੀਰਾਂ ਵਿਚ ਮੱਧ ਇਜ਼ਰਾਈਲ ਵਿੱਚ ਇੱਕ ਬਹੁ-ਮੰਜ਼ਿਲਾ ਰਿਹਾਇਸ਼ੀ ਇਮਾਰਤ ਦੀ ਛੱਤ 'ਤੇ ਅੱਗ ਦੀਆਂ ਲਾਟਾਂ ਉੱਠਦੀਆਂ ਦਿਖਾਈ ਦੇ ਰਹੀਆਂ ਸਨ। -ਰਾਇਟਰਜ਼

# ਨਵੇਂ ਭਰਤੀ ਹੋਏ ਨੌਜਵਾਨਾਂ ਨੇ ਆਪਣੀ ਕਿਸਮਤ ਬਦਲਣ ਲਈ ਮੁੱਖ ਮੰਤਰੀ ਦੀ ਕੀਤੀ ਸ਼ਲਾਘਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com

ਨਵੇਂ ਭਰਤੀ ਹੋਏ ਨੌਜਵਾਨਾਂ ਨੇ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਪ੍ਰਦਾਨ ਕਰ ਕੇ ਉਨ੍ਹਾਂ ਦੀ ਕਿਸਮਤ ਬਦਲਣ ਲਈ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ।

ਪਟਿਆਲਾ ਤੋਂ ਨਵ-ਨਿਯੁਕਤ ਸਹਾਇਕ ਪ੍ਰੋਫੈਸਰ ਡਾ. ਜਸਵਿੰਦਰ ਨੇ ਨਿਰਪੱਖ ਅਤੇ ਪਾਰਦਰਸ਼ੀ ਭਰਤੀ ਪ੍ਰਕਿਰਿਆ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਉਸ ਨੇ ਕਿਹਾ ਕਿ ਇਹ ਉਸ ਦੇ ਅਤੇ ਉਸ ਦੇ ਪਰਿਵਾਰ ਲਈ ਇੱਕ ਸੁਪਨਾ ਸੀ।

ਸੁਨਾਮ ਤੋਂ ਮਨਪ੍ਰੀਤ ਕੌਰ ਨੇ ਦੱਸਿਆ ਕਿ ਉਸ ਨੇ ਸਰਕਾਰੀ ਨੌਕਰੀ ਦੀ ਆਸ ਲਗਪਗ ਖ਼ਤਮ ਕਰ ਦਿੱਤੀ ਸੀ ਅਤੇ ਵਿਦੇਸ਼ ਜਾਣ ਲਈ ਆਈਲੈਟਸ ਦੀ ਪ੍ਰੀਖਿਆ ਵੀ ਦਿੱਤੀ ਸੀ। ਹਾਲਾਂਕਿ ਸੂਬਾ ਸਰਕਾਰ ਵੱਲੋਂ ਦਿੱਤੇ ਮੌਕੇ ਨੇ ਉਸ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਯੋਗ ਬਣਾਇਆ। ਉਸ ਨੇ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਧਾਰ ਕਲਾਂ, ਪਠਾਨਕੋਟ ਦੇ ਕੁਣਾਲ ਠਾਕੁਰ ਨੇ ਭਰਤੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸ਼ੀ ਦੱਸਦਿਆਂ ਇਸ ਦੀ ਸ਼ਲਾਘਾ ਕੀਤੀ। ਉਸ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਸਾਹਮਣੇ ਦੇਖਣਾ ਮਾਣ ਵਾਲੀ ਗੱਲ ਹੈ। ਉਸ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਸੱਚਮੁੱਚ ਬਦਲ ਦਿੱਤਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਗੋਲਮੇਜ਼ ਕਾਨਫਰੰਸ ਹੋਣ ਤੋਂ ਪਹਿਲਾਂ 9, 10, 11 ਅਗਸਤ 1930 ਨੂੰ ਤਿੰਨ ਦਿਨਾਂ ਲਈ ਨਾਗਪੁਰ ਵਿੱਚ ਰਾਸ਼ਟਰ ਪੱਧਰ ਦਾ ਅਛੂਤ ਸਮੇਲਨ ਵਿਚ ਕੀਤਾ ਗਿਆ । ਇਸ ਵਿੱਚ ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਲਈ ਅਛੂਤਾਂ ਦੇ ਪ੍ਰਤੀਨਿਧੀਆਂ ਦੀਆਂ ਨਾਮਜ਼ਦਗੀਆਂ ਕੀਤੀਆਂ ਜਾਣੀਆਂ ਸਨ ਜਿੱਥੇ ਭਵਿੱਖ ਦੇ ਭਾਰਤੀ ਸੰਵਿਧਾਨ ਦੀ ਰੂਪਰੇਖਾ 'ਤੇ ਚਰਚਾ ਕੀਤੀ ਜਾਣੀ ਸੀ। ਅਜ਼ਾਦੀ ਦੇ ਬਾਅਦ ਜੋ ਵੀ ਸਮਾਜਿਕ**



**ਰਾਜਨੀਤਿਕ ਵਰਤਰਾ ਹੋਣ ਵਾਲੀ ਸੀ ਬਾਬਾ ਸਾਹਿਬ ਨੇ 20 ਸਾਲ ਪਹਿਲਾਂ ਹੀ ਵਾਰਨਿੰਗ ਦੇ ਦਿੱਤੀ ਸੀ। ਪੂਰੀ ਜਾਣਕਾਰੀ ਅਤੇ ਕੜੀ ਜੋੜਨ ਲਈ ਹਰ ਰੋਜ ਦੇ ਲੇਖ ਨੂੰ ਪੜ੍ਹਨਾ ਜਰੂਰੀ ਹੈ** (ਕਲ੍ਹ ਦੇ ਲੇਖ ਦਾ ਬਾਕੀ ਭਾਗ)

## ਦਲਿਤ ਵਰਗ ਅਤੇ ਸਾਈਮਨ ਕਮਿਸ਼ਨ:

19. ਮੈਨੂੰ ਨਹੀਂ ਪਤਾ ਕਿ ਤੁਸੀਂ ਸਾਈਮਨ ਕਮਿਸ਼ਨ ਦੁਆਰਾ ਬਣਾਈ ਗਈ ਕੇਂਦਰੀ ਵਿਧਾਨ ਸਭਾ ਦੇ ਗਠਨ ਦੀ ਯੋਜਨਾ ਬਾਰੇ ਕੀ ਸੋਚਦੇ ਹੋ। ਇਸ ਸਮੇਂ, ਸਿੱਧੀ ਚੋਣ ਵਿਧਾਨ ਪ੍ਰੀਸ਼ਦ ਅਤੇ ਵਿਧਾਨ ਸਭਾ ਦੇ ਗਠਨ ਲਈ ਆਦਰਸ਼ ਹੈ। ਸਾਈਮਨ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਹੈ ਕਿ ਰਾਜ ਵਿਧਾਨ ਸਭਾਵਾਂ ਦਾ ਗਠਨ ਪਹਿਲਾਂ ਵਾਂਗ ਸਿੱਧੀ ਚੋਣ ਦੁਆਰਾ ਜਾਰੀ ਰਹਿਣਾ ਚਾਹੀਦਾ ਹੈ ਪਰ ਵਿਧਾਨ ਪ੍ਰੀਸ਼ਦ ਦੇ ਗਠਨ ਨੂੰ ਅਨੁਪਾਤਕ ਪ੍ਰਤੀਨਿਧਤਾ ਪ੍ਰਣਾਲੀ ਦੇ ਤਹਿਤ ਵਿਧਾਨ ਸਭਾਵਾਂ ਲਈ ਚੁਣੇ ਗਏ ਮੈਂਬਰਾਂ ਦੁਆਰਾ ਅਸਿੱਧੇ ਚੋਣ ਦੁਆਰਾ ਨਿਯੰਤ੍ਰਿਤ ਕੀਤਾ ਜਾਣਾ ਚਾਹੀਦਾ ਹੈ। ਮੈਂ ਅਸਿੱਧੇ ਚੋਣ ਪ੍ਰਣਾਲੀ ਦਾ ਸਮਰਥਕ ਨਹੀਂ ਹਾਂ ਅਤੇ ਬੰਬੇ ਰਾਜ ਸਾਈਮਨ ਕਮੇਟੀ ਦੇ ਮੈਂਬਰ ਹੋਣ ਦੇ ਨਾਤੇ ਮੈਂ ਇਸਦਾ ਵਿਰੋਧ ਕੀਤਾ ਸੀ ਅਤੇ ਇਸਦੀ ਸਖ਼ਤ ਨਿੰਦਾ ਕੀਤੀ ਸੀ। ਪਰ ਸਾਈਮਨ ਕਮਿਸ਼ਨ ਨੇ ਜਿਸ ਤਰੀਕੇ ਨਾਲ ਇਸਨੂੰ ਪੇਸ਼ ਕੀਤਾ ਹੈ, ਉਸ ਵਿੱਚ
ਸਹੂਲਤਾਂ ਅਤੇ ਅਸੁਵਿਧਾਵਾਂ ਦੋਵੇਂ ਹਨ। ਪਹਿਲਾਂ, ਇਹ ਘੱਟ ਗਿਣਤੀ ਭਾਈਚਾਰਿਆਂ ਦੇ ਪ੍ਰਤੀਨਿਧੀਆਂ ਦੀ ਚੋਣ ਲਈ ਸਾਂਝੇ ਅਤੇ ਵੱਖਰੇ ਵੋਟਰ ਹਲਕਿਆਂ ਦੀ ਜ਼ਰੂਰਤ ਨੂੰ ਆਪਣੇ ਆਪ ਖਤਮ ਕਰ ਦਿੰਦਾ ਹੈ। ਦੂਜਾ, ਇਹ ਇੱਕ ਵਿਧਾਨ ਸਭਾ ਅਤੇ ਦੂਜੀ ਵਿਧਾਨ ਪ੍ਰੀਸ਼ਦ ਲਈ ਵੱਖਰੀਆਂ ਵੋਟਰ ਸੂਚੀਆਂ ਦੀ ਤਿਆਰੀ ਅਤੇ ਰੱਖ-ਰਖਾਅ ਨਾਲ ਜੁੜੀਆਂ ਕਮੀਆਂ ਨੂੰ ਦੂਰ ਕਰਦਾ ਹੈ। ਤੀਜਾ, ਇਹ ਵਿਧਾਨ ਸਭਾ ਦੇ ਪ੍ਰਬੰਧਨ ਨੂੰ ਆਸਾਨ ਬਣਾ ਦੇਵੇਗਾ। ਹੁਣ, ਨੁਕਸਾਨਾਂ ਦੇ ਸੰਬੰਧ ਵਿੱਚ, ਇਹ ਕਹਿਣਾ ਉਚਿਤ ਹੋਵੇਗਾ ਕਿ ਇਸ ਪ੍ਰਣਾਲੀ ਦਾ ਲੋਕਾਂ ਅਤੇ ਸਰਕਾਰ ਵਿਚਕਾਰ ਸਬੰਧ ਕਮਜ਼ੋਰ ਹੋਣ ਦਾ ਪ੍ਰਭਾਵ ਪਵੇਗਾ ਅਤੇ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਦੇਸ਼ ਦੇ ਵਿਕਾਸ ਨਾਲ ਜੁੜੇ ਮਾਮਲਿਆਂ ਨੂੰ ਜਨਤਾ ਦੀ ਨਜ਼ਰ ਤੋਂ ਲੁਕਾਉਣ ਦਾ ਪ੍ਰਭਾਵ ਰਾਸ਼ਟਰੀ ਏਕਤਾ ਦੀ ਭਾਵਨਾ ਦੀ ਪ੍ਰਗਤੀ ਵਿੱਚ ਵੀ ਰੁਕਾਵਟ ਪੈਦਾ ਕਰੇਗਾ। ਪਰ ਸਾਈਮਨ ਕਮਿਸ਼ਨ ਦੁਆਰਾ ਪ੍ਰਸਤਾਵਿਤ ਪ੍ਰਣਾਲੀ ਦੇ ਜੋ ਵੀ ਪ੍ਰਭਾਵ ਜਾਂ ਮਾੜੇ ਪ੍ਰਭਾਵ ਵਧੇਰੇ ਪ੍ਰਮੁੱਖ ਹਨ, ਇਹ ਪ੍ਰਣਾਲੀ ਕੇਂਦਰੀ ਵਿਧਾਨ ਸਭਾ ਦੇ ਗਠਨ ਵਿੱਚ ਜ਼ਰੂਰ ਲਾਗੂ ਕੀਤੀ ਜਾਵੇਗੀ। ਇੱਕੋ ਇੱਕ ਸਵਾਲ ਇਹ ਹੈ ਕਿ ਇਹ ਪ੍ਰਣਾਲੀ ਕਿੱਥੇ ਵਧੇਰੇ ਢੁਕਵੀਂ ਹੋਵੇਗੀ, ਵਿਧਾਨ ਸਭਾ ਲਈ ਜਾਂ ਰਾਜ ਸਭਾ ਲਈ? ਇਹ ਸਭ ਜਾਣਦੇ ਹਨ ਕਿ ਇਸਨੂੰ ਦੋਵਾਂ ਵਿੱਚ ਲਾਗੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਸਿੱਧੇ ਚੋਣ ਦੀ ਸਭ ਤੋਂ ਵੱਡੀ ਕਮਜ਼ੋਰੀ/ਘਾਟ ਇਹ ਹੈ ਕਿ ਇਹ "ਲੱਕੜ ਦੇ ਭਾਂਡੇ" ਵਾਂਗ ਇੱਕ ਵਾਰ ਵਰਤੇ ਜਾਣ ਤੋਂ ਬਾਅਦ ਖਤਮ ਹੋ ਜਾਂਦੀ ਹੈ। ਫੈਸਲਾ ਲੈਣ ਵਾਲਾ ਪ੍ਰਤੀਨਿਧੀ ਚੋਣ ਵਿੱਚ ਸਿਰਫ਼ ਇੱਕ ਵਾਰ ਵੋਟਰ ਤੋਂ ਦੂਰੀ ਬਣਾ ਕੇ ਸੱਚਾਈ ਦਿਖਾ ਸਕਦਾ ਹੈ। ਜੇਕਰ ਵੋਟਰ ਦੂਜੀ ਵਾਰ ਵੋਟਰ ਤੋਂ ਦੂਰੀ ਬਣਾ ਕੇ ਪ੍ਰਤੀਨਿਧੀ ਨੂੰ ਨਾਮਜ਼ਦ ਕਰਦਾ ਹੈ, ਤਾਂ ਸੱਚਾਈ ਅਤੇ ਭਰੋਸੇਯੋਗਤਾ ਦੋਵੇਂ ਖਤਮ ਹੋ ਜਾਂਦੇ ਹਨ। ਇਸਦਾ ਮਤਲਬ ਹੈ ਕਿ ਜੇਕਰ ਦੇਸ਼ ਵਿਧਾਨ ਸਭਾ ਅਤੇ ਰਾਜ ਸਭਾ ਦੋਵਾਂ ਦਾ ਫੈਸਲਾ ਕਰਦਾ ਹੈ ਅਤੇ ਅਸੀਂ ਇਸ ਪ੍ਰਣਾਲੀ ਨੂੰ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਵਰਤਦੇ ਹਾਂ, ਤਾਂ ਸਾਡੇ ਕੋਲ ਰਾਜ ਸਭਾ ਦੀ ਚੋਣ ਲਈ ਕੋਈ ਸਰੋਤ ਨਹੀਂ ਬਚਣਗੇ। ਇਸ ਸਮੇਂ ਰਾਜ ਪ੍ਰੀਸ਼ਦ ਇੱਕ ਬੁਰੀ ਅਸੰਗਤੀ ਹੈ ਅਤੇ ਜੇਕਰ ਇਸਨੂੰ ਕਾਨੂੰਨ ਬਣਾਉਣ ਵਿੱਚ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੈ, ਤਾਂ ਇਸਨੂੰ ਭਾਰਤ ਸਰਕਾਰ ਵਿੱਚ ਇਸਦੇ ਮੌਜੂਦਾ ਰੂਪ ਵਿੱਚ ਜਾਰੀ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜੇਕਰ ਮੈਂ ਆਪਣੀ ਸੋਚ ਵਿੱਚ ਸਹੀ ਹਾਂ, ਤਾਂ ਸਭ ਤੋਂ ਵਧੀਆ ਹੱਲ ਸਿੱਧੀ ਪ੍ਰਣਾਲੀ ਅਧੀਨ ਵਿਧਾਨ ਪ੍ਰੀਸ਼ਦ ਦੀ ਚੋਣ ਅਤੇ ਅਸਿੱਧੀ ਪ੍ਰਣਾਲੀ ਅਧੀਨ ਰਾਜ ਪ੍ਰੀਸ਼ਦ ਦੀ ਚੋਣ ਜਾਪਦੀ ਹੈ। ਕੇਂਦਰੀ ਪ੍ਰੀਸ਼ਦ ਦੇ ਗਠਨ ਲਈ ਅੰਤ ਵਿੱਚ ਕਿਸ ਆਧਾਰ 'ਤੇ ਵਿਧੀ ਚੁਣੀ ਜਾਂਦੀ ਹੈ। ਅਸਿੱਧੀ ਚੋਣ ਦਲਿਤ ਵਰਗ ਦੇ ਪ੍ਰਤੀਨਿਧੀ ਦੀ ਚੋਣ ਲਈ ਸਭ ਤੋਂ ਆਸਾਨ ਪ੍ਰਕਿਰਿਆ ਹੈ, ਭਾਵੇਂ ਇਹ ਕਿਸੇ ਵੀ ਸਦਨ ਲਈ ਹੋਵੇ। ਸਾਡੇ ਕੋਲ ਇਸ ਨਤੀਜੇ 'ਤੇ ਅਫਸੋਸ ਕਰਨ ਦਾ ਕੋਈ ਕਾਰਨ ਨਹੀਂ ਹੈ। ਕਿਉਂਕਿ ਇਹ ਪਹਿਲਾਂ ਤੋਂ ਮੌਜੂਦ ਨਾਮਜ਼ਦਗੀ ਪ੍ਰਣਾਲੀ ਦੇ ਮੁਕਾਬਲੇ ਕਾਫ਼ੀ ਸੁਧਾਰ ਹੋਵੇਗਾ।

20. ਸੂਬਾਈ ਪ੍ਰੀਸ਼ਦਾਂ ਵਿੱਚ ਦਲਿਤ ਵਰਗ ਦੀ ਪ੍ਰਤੀਨਿਧਤਾ ਜਿਵੇਂ ਕਿ ਉਹ ਹੁਣ ਗਠਿਤ ਹਨ, ਬਹੁਤ ਘੱਟ ਹੈ। 1919 ਦੀ ਸਾਊਥ ਬੋਰੋ ਕਮੇਟੀ ਨੇ ਇਸ ਮਾਮਲੇ ਵਿੱਚ ਦਲਿਤਾਂ ਨਾਲ ਬਹੁਤ ਵੱਡਾ ਅਨਿਆਂ ਕੀਤਾ ਅਤੇ ਭਾਰਤ ਸਰਕਾਰ ਨੇ ਵੀ ਇਸ ਤਰਸਯੋਗ ਨਿਸ਼ਚਿਤ ਹਿੱਸੇ ਵਿੱਚ ਵਾਧੇ ਦੀ ਸਿਫਾਰਸ਼ ਕੀਤੀ। ਪਰ ਅਨਿਆਂ ਦੀ ਇਹ ਸਥਿਤੀ ਉਹੀ ਰਹੀ।
1923 ਦੀ ਮੁੱਦੀਮਾਨ ਕਮੇਟੀ ਨੇ ਦੇਖਿਆ ਕਿ ਕੌਂਸਲਾਂ ਵਿੱਚ ਦਲਿਤ ਵਰਗ ਦੀ ਪ੍ਰਤੀਨਿਧਤਾ ਬਹੁਤ ਹੀ ਨਾਮਾਤਰ ਸੀ ਅਤੇ ਸੁਝਾਅ ਦਿੱਤਾ ਕਿ ਇਸਨੂੰ ਵੱਡੇ ਪੱਧਰ 'ਤੇ ਵਧਾਇਆ ਜਾਣਾ ਚਾਹੀਦਾ ਹੈ। ਪਰ ਕੁਝ ਥਾਵਾਂ 'ਤੇ ਇੱਕ ਜਾਂ ਦੋ ਪ੍ਰਤੀਨਿਧੀਆਂ ਨੂੰ ਜੋੜਨ ਤੋਂ ਇਲਾਵਾ, ਸ਼ਿਕਾਇਤ ਨੂੰ ਦੂਰ ਕਰਨ ਲਈ ਕੋਈ ਕਦਮ ਨਹੀਂ ਚੁੱਕੇ ਗਏ। ਦਲਿਤ ਵਰਗ ਦੀ ਕਮਜ਼ੋਰ ਸਥਿਤੀ ਕਾਰਨ, ਉਨ੍ਹਾਂ ਨੂੰ ਸਰਕਾਰੀ ਦਫ਼ਤਰਾਂ ਤੋਂ ਸਹਾਇਤਾ ਲੈਣ ਲਈ ਕਿਹਾ ਗਿਆ। ਤਜਰਬੇ ਨੇ ਸਾਨੂੰ ਸਿਖਾਇਆ ਹੈ ਕਿ ਸਰਕਾਰੀ ਸੇਵਕ ਸਾਡੇ ਜਾਂ ਕਿਸੇ ਦੇ ਦੋਸਤ ਨਹੀਂ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ

ਹਨ, ਸਗੋਂ ਉਹ ਉਨ੍ਹਾਂ ਦੇ ਆਪਣੇ ਦੋਸਤ ਹਨ ਅਤੇ ਉਨ੍ਹਾਂ ਦੀ ਦੋਸਤੀ ਉਨ੍ਹਾਂ ਦੇ ਸਵਾਰਥੀ ਹਿੱਤਾਂ ਨਾਲ ਜੁੜੀ ਹੋਈ ਹੈ। ਮੈਨੂੰ ਇਹ ਕਹਿੰਦੇ ਹੋਏ ਦੁੱਖ ਹੋ ਰਿਹਾ ਹੈ ਕਿ ਪਿਛਲੇ ਦਸ ਸਾਲਾਂ ਵਿੱਚ ਸਰਕਾਰੀ ਸੇਵਕਾਂ ਨੇ ਦਲਿਤ ਵਰਗ ਤੋਂ ਉਨ੍ਹਾਂ ਨੂੰ ਦਿੱਤੇ ਗਏ ਲਾਭ ਨਾਲੋਂ ਵੱਧ ਪ੍ਰਾਪਤ ਕੀਤਾ ਹੈ। ਭਾਵੇਂ ਇਹ ਕੁਝ ਵੀ ਹੋਵੇ, ਹੁਣ ਭਵਿੱਖ ਵਿੱਚ ਭਾਰਤੀ ਸੰਵਿਧਾਨ ਦੇ ਤਹਿਤ ਦਲਿਤ ਵਰਗ ਨੂੰ ਸਰਕਾਰੀ ਸੇਵਕਾਂ ਤੋਂ ਇਹ ਸ਼ੱਕੀ ਲਾਭ ਨਹੀਂ ਮਿਲਣ ਵਾਲਾ ਹੈ, ਤਾਂ ਕੀ ਇਹ ਸਿਰਫ਼ ਇਹ ਨਹੀਂ ਹੋਵੇਗਾ ਕਿ ਦਲਿਤ ਵਰਗ ਨੂੰ ਹਰ ਘੱਟ ਗਿਣਤੀ ਵਰਗ ਵਾਂਗ ਢੁਕਵੀਂ ਪ੍ਰਤੀਨਿਧਤਾ ਦਿੱਤੀ ਜਾਵੇ? ਸਾਈਮਨ ਕਮਿਸ਼ਨ ਰਾਜ ਸਭਾ ਵਿੱਚ ਦਲਿਤ ਵਰਗ ਨੂੰ ਕਿੰਨੀ ਪ੍ਰਤੀਨਿਧਤਾ ਦੇਣ ਲਈ ਤਿਆਰ ਹੈ? ਉਨ੍ਹਾਂ ਕਿਹਾ ਹੈ ਕਿ, "ਭਾਰਤ ਦੇ ਜਨਰਲ ਵਰਗ ਅਧੀਨ ਕੁੱਲ ਸੀਟਾਂ ਦੀ ਗਿਣਤੀ ਵਿੱਚ ਦਲਿਤ ਵਰਗ ਲਈ ਰਾਖਵੀਆਂ ਸੀਟਾਂ ਦਾ ਅਨੁਪਾਤ ਤਿੰਨ-ਚੌਥਾਈ ਹੋਵੇਗਾ ਯਾਨੀ ਕਿ ਦਲਿਤ ਵਰਗ ਦੀ ਆਬਾਦੀ ਅਤੇ ਹਲਕੇ ਦੀ ਕੁੱਲ ਆਬਾਦੀ ਦੇ ਅਨੁਪਾਤ ਦਾ 75%"। ਹੁਣ ਦੇਖਦੇ ਹਾਂ ਕਿ ਸਾਈਮਨ ਕਮਿਸ਼ਨ ਨੇ ਭਾਰਤ ਦੀਆਂ ਘੱਟ ਗਿਣਤੀਆਂ ਨੂੰ ਕੀ ਦਿੱਤਾ।
ਕਾਂਗਰਸ ਦੇ ਸਖ਼ਤ ਵਿਰੋਧ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਲਖਨਊ ਸਮਝੌਤੇ ਅਧੀਨ ਮੁਸਲਿਮ ਘੱਟ ਗਿਣਤੀਆਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਪ੍ਰਤੀਨਿਧਤਾ ਦੇਣ ਦੇ ਹੁਕਮ ਨੂੰ ਉਵੇਂ ਹੀ ਛੱਡ ਦਿੱਤਾ ਗਿਆ। ਕਮਿਸ਼ਨ ਨੇ ਭਾਰਤੀ ਈਸਾਈਆਂ, ਐਂਗਲੋ-ਇੰਡੀਅਨਾਂ ਅਤੇ ਯੂਰਪੀਅਨਾਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਤਰਜੀਹੀ ਵਿਵਹਾਰ ਦਿੱਤਾ ਹੈ। ਕੀ ਇਹ ਇੱਕ ਸ਼ਰਮਨਾਕ ਅਪਵਾਦ ਨਹੀਂ ਹੈ? ਰੁਕਾਵਟਾਂ ਨਾਲ ਘਿਰੇ ਇਸ ਸਮਾਜ ਪ੍ਰਤੀ ਹਮਦਰਦੀ ਦਿਖਾਉਣ ਤੋਂ ਦੂਰ, ਕੀ ਉਹ ਇੱਕ ਨਿਰਪੱਖ ਹਿੱਸੇ ਦੇ ਵੀ ਹੱਕਦਾਰ ਨਹੀਂ ਹਨ? ਇੱਥੋਂ ਤੱਕ ਕਿ ਭਾਰਤੀ ਕੇਂਦਰੀ ਕਮੇਟੀ ਨੇ ਵੀ ਦਲਿਤ ਵਰਗ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਪ੍ਰਤੀਨਿਧਤਾ ਦੇਣ ਦੀ ਸਿਫਾਰਸ਼ ਕੀਤੀ ਹੈ ਅਤੇ ਜੇਕਰ ਇਹ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਸਾਨੂੰ ਘੱਟੋ-ਘੱਟ ਹਰ ਘੱਟ ਗਿਣਤੀ ਦੇ ਬਰਾਬਰ ਮਿਲੇਗਾ।

**ਲੇਖ ਦਾ ਬਾਕੀ ਭਾਗ ਕਲ.....**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

# ਸਭਿਅਤਾ ਜਾਂ ਘੋਰ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

**ਲੜੀ ਵਾਰ ਭਾਗ ਤੀਜਾ**

ਇਨ੍ਹਾਂ ਆਦਿਮ ਕਬੀਲਿਆਂ ਦੇ ਖਾਣ-ਪੀਣ ਵਿੱਚ ਕੋਈ ਪਾਬੰਦੀ ਨਹੀਂ ਹੈ। ਉਹ ਕੀੜੇ-ਮਕੌੜੇ ਵੀ ਖਾਂਦੇ ਹਨ। ਦਰਅਸਲ, ਸ਼ਾਇਦ ਹੀ ਕੋਈ ਅਜਿਹਾ ਮਾਸ ਹੋਵੇ ਜੋ ਉਹ ਨਾ ਖਾਂਦੇ ਹੋਣ। ਉਹ ਕਿਸੇ ਮਰੇ ਹੋਏ ਜਾਨਵਰ ਦਾ ਮਾਸ ਵੀ ਖਾਂਦੇ ਹਨ, ਭਾਵੇਂ ਉਹ ਆਪਣੀ ਮੌਤ ਨਾਲ ਮਰ ਗਿਆ ਹੋਵੇ ਜਾਂ ਚਾਰ-ਪੰਜ ਦਿਨ ਪਹਿਲਾਂ ਕਿਸੇ ਚੀਤੇ ਦੁਆਰਾ ਮਾਰਿਆ ਗਿਆ ਹੋਵੇ।

ਹਰ ਤਰ੍ਹਾਂ ਦੇ ਭੂਤਾਂ-ਪ੍ਰੇਤਾਂ ਅਤੇ ਉਨ੍ਹਾਂ ਦੇ ਮਰੇ ਹੋਏ ਪੁਰਖਿਆਂ ਦੀ ਪੂਜਾ ਕਰਨਾ ਉਨ੍ਹਾਂ ਦਾ ਧਰਮ ਹੈ। ਜਾਦੂ-ਟੂਣਾ, ਭੂਤ-ਪ੍ਰੇਤ, ਜਾਨਵਰ ਅਤੇ ਮਨੁੱਖੀ ਬਲੀਦਾਨ ਉਨ੍ਹਾਂ ਦੇ ਧਾਰਮਿਕ ਅਭਿਆਸ ਹਨ। ਇਹ ਆਦਿਮ ਕਬੀਲੇ, ਸਿੱਖਿਆ ਦੀ ਘਾਟ, ਵਿਗਿਆਨ ਦਾ ਕੋਈ ਵਿਚਾਰ ਨਹੀਂ, ਕੁਦਰਤ ਦੇ ਕੰਮਕਾਜ ਦਾ ਕੋਈ ਗਿਆਨ ਨਹੀਂ, ਅਗਿਆਨਤਾ ਅਤੇ ਅੰਧਵਿਸ਼ਵਾਸ ਕਾਰਨ, ਸਦੀਆਂ ਤੋਂ ਸਭਿਅਤਾ ਦੀ ਸੀਮਾ ਤੋਂ ਬਾਹਰ ਅਤੇ ਇਸਦੀ ਸਥਾਪਿਤ ਪ੍ਰਣਾਲੀ ਅਨੁਸਾਰ ਜੰਗਲੀ ਜੀਵਨ ਬਤੀਤ ਕਰ ਰਹੇ ਹਨ।

ਇੱਕ ਵਾਰ ਪਿੰਡਾਰੀ ਅਤੇ ਠੱਗਾਂ ਨੂੰ ਅਪਰਾਧੀ ਜਾਤੀਆਂ ਵੀ ਕਿਹਾ ਜਾਂਦਾ ਸੀ, ਜਿਨ੍ਹਾਂ ਦੇ ਵੱਡੇ ਗਿਰੋਹ ਸਨ।

ਪਿੰਡਾਰੀ ਹਥਿਆਰਬੰਦ ਡਾਕੂ ਸਨ, ਉਨ੍ਹਾਂ ਦਾ ਕੰਮ ਲੁੱਟਣਾ ਸੀ। ਉਨ੍ਹਾਂ ਦਾ ਸੰਗਠਨ ਲੁਟੇਰਿਆਂ ਦਾ ਇੱਕ ਖੁੱਲ੍ਹਾ ਫੌਜੀ ਸੰਗਠਨ ਸੀ। ਉਨ੍ਹਾਂ ਕੋਲ 20,000 ਜਾਂ ਇਸ ਤੋਂ ਵੀ ਵੱਧ ਚੰਗੇ ਘੋੜੇ ਸਨ। ਉਨ੍ਹਾਂ ਦਾ ਇੱਕ ਨੇਤਾ ਸੀ। ਚਿੱਟੂ ਉਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਨੇਤਾ ਸੀ। ਉਸ ਕੋਲ ਇਕੱਲੇ 10,000 ਘੋੜੇ ਸਨ, ਜਿਨ੍ਹਾਂ ਵਿੱਚੋਂ 5,000 ਚੰਗੇ ਘੋੜਸਵਾਰ ਸਨ। ਇਸ ਤੋਂ ਇਲਾਵਾ, ਉਸ ਕੋਲ ਪੈਦਲ ਸੈਨਾ ਅਤੇ ਤੋਪਾਂ ਵੀ ਸਨ। ਪਿੰਡਾਰੀਆਂ ਕੋਲ ਇਸ ਵੱਡੀ ਫੌਜੀ ਫੋਰਸ ਨੂੰ ਲਗਾਉਣ ਲਈ ਕੋਈ ਫੌਜੀ ਯੋਜਨਾ ਨਹੀਂ ਸੀ। ਇਸ ਲਈ, ਉਹ ਪੇਸ਼ੇਵਰ ਲੁਟੇਰਿਆਂ ਦੇ ਸਮੂਹਾਂ ਵਿੱਚ ਵਿਕਸਤ ਹੋ ਗਏ। ਉਨ੍ਹਾਂ ਦਾ ਉਦੇਸ਼ ਕਿਸੇ ਨੂੰ ਜਿੱਤਣਾ ਨਹੀਂ ਸੀ। ਉਨ੍ਹਾਂ ਦਾ ਉਦੇਸ਼ ਲੁੱਟਣਾ ਅਤੇ ਆਪਣੇ ਲਈ ਸਾਮਾਨ ਅਤੇ ਨਕਦੀ ਪ੍ਰਾਪਤ ਕਰਨਾ ਸੀ। ਲੁੱਟ-ਖਸੁੱਟ ਕਰਨਾ ਉਨ੍ਹਾਂ ਦਾ ਇੱਕੋ ਇੱਕ ਕਾਰੋਬਾਰ ਸੀ। ਉਹ ਕਿਸੇ ਨੂੰ ਆਪਣਾ ਹਾਕਮ ਨਹੀਂ ਮੰਨਦੇ ਸਨ। ਉਹ ਕਿਸੇ ਦੇ ਅਧੀਨ ਨਹੀਂ ਸਨ। ਉਹ ਕਿਸੇ ਦੇ ਵਫ਼ਾਦਾਰ ਨਹੀਂ ਸਨ। ਉਹ ਕਿਸੇ ਦਾ ਸਤਿਕਾਰ ਨਹੀਂ ਕਰਦੇ ਸਨ। ਭਾਵੇਂ ਉਹ ਉੱਚਾ ਹੋਵੇ ਜਾਂ ਨੀਵਾਂ, ਗਰੀਬ ਹੋਵੇ ਜਾਂ ਅਮੀਰ, ਉਹ ਬਿਨਾਂ ਕਿਸੇ ਡਰ ਜਾਂ ਰਹਿਮ ਦੇ ਸਾਰਿਆਂ ਨੂੰ ਲੁੱਟਦੇ ਸਨ।

'ਠੱਗ' ਪੇਸ਼ੇਵਰ ਕਾਤਲਾਂ ਦਾ ਇੱਕ ਸੁਚੱਜਾ ਸੰਗਠਿਤ ਭਾਈਚਾਰਾ ਸੀ। ਉਹ ਵੱਖ-ਵੱਖ ਭੇਸਾਂ ਵਿੱਚ 10 ਤੋਂ 200 ਦੇ ਸਮੂਹਾਂ ਵਿੱਚ ਭਾਰਤ ਵਿੱਚ ਘੁੰਮਦੇ ਰਹਿੰਦੇ ਸਨ। ਉਹ ਅਮੀਰ ਰਾਹਗੀਰਾਂ ਦਾ ਵਿਸ਼ਵਾਸ ਪ੍ਰਾਪਤ ਕਰਦੇ ਸਨ। ਜਿਵੇਂ ਹੀ ਉਨ੍ਹਾਂ ਨੂੰ ਢੁਕਵਾਂ ਮੌਕਾ ਮਿਲਦਾ ਸੀ, ਉਹ ਇਨ੍ਹਾਂ ਰਾਹਗੀਰਾਂ ਨੂੰ ਉਨ੍ਹਾਂ ਦੇ ਗਲੇ ਵਿੱਚ ਕੱਪੜੇ ਜਾਂ ਰੱਸੀ ਦਾ ਫੰਦਾ ਪਾ ਕੇ ਉਨ੍ਹਾਂ ਦਾ ਗਲਾ ਘੁੱਟ ਕੇ ਮਾਰ ਦਿੰਦੇ ਸਨ ਅਤੇ ਉਨ੍ਹਾਂ ਦਾ ਸਾਰਾ ਸਾਮਾਨ ਖੋਹ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਜ਼ਮੀਨ ਵਿੱਚ ਦੱਬ ਦਿੰਦੇ ਸਨ। ਉਹ ਇਹ ਸਭ ਕੁਝ ਕਿਸੇ ਪ੍ਰਾਚੀਨ ਅਤੇ ਸਖ਼ਤੀ ਨਾਲ ਨਿਰਧਾਰਤ ਰਸਮਾਂ ਅਨੁਸਾਰ ਅਤੇ ਵਿਸ਼ੇਸ਼ ਧਾਰਮਿਕ ਰਸਮਾਂ ਤੋਂ ਬਾਅਦ ਕਰਦੇ ਸਨ, ਜਿਸ ਵਿੱਚ ਕੁਹਾੜੀ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਗੁੜ ਨਾਲ ਹਵਨ ਕੀਤਾ ਜਾਂਦਾ ਸੀ। ਉਹ ਕਾਲੀ ਦੇ ਪੱਕੇ ਭਗਤ ਸਨ, ਜਿਸਨੂੰ ਹਿੰਦੂਆਂ ਵਿੱਚ ਬਲੀਦਾਨ ਦੀ ਦੇਵੀ ਮੰਨਿਆ ਜਾਂਦਾ ਹੈ। ਕਿਸੇ ਵੀ ਲਾਭ ਲਈ ਕਤਲ ਕਰਨਾ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਇੱਕ ਪੁੰਨ ਦਾ ਕੰਮ ਸੀ। ਉਹ ਇਸਨੂੰ ਇੱਕ ਪਵਿੱਤਰ ਅਤੇ ਸਤਿਕਾਰਯੋਗ ਪੇਸ਼ਾ ਮੰਨਦੇ ਸਨ। ਦਰਅਸਲ, ਉਨ੍ਹਾਂ ਨੂੰ ਚੰਗੇ ਅਤੇ ਬੁਰੇ ਦਾ ਕੋਈ ਗਿਆਨ ਨਹੀਂ ਸੀ ਅਤੇ ਉਨ੍ਹਾਂ ਦੇ ਮਨਾਂ ਵਿੱਚ ਨੈਤਿਕਤਾ ਜਾਗਦੀ ਨਹੀਂ ਸੀ। ਉਹ ਆਪਣਾ ਸਾਰਾ ਕਾਰੋਬਾਰ ਇਸ ਦੇਵੀ ਦੇ ਹੁਕਮ 'ਤੇ ਅਤੇ ਇਸ ਦੇਵੀ ਦੀ ਖ਼ਾਤਰ ਕਰਦੇ ਸਨ। ਇਸ ਦੇਵੀ ਦੀ ਇੱਛਾ ਉਨ੍ਹਾਂ ਨੂੰ ਕਈ ਰਹੱਸਮਈ ਸੰਕੇਤਾਂ ਰਾਹੀਂ ਪਤਾ ਲੱਗ ਗਈ। ਇਨ੍ਹਾਂ ਸੰਕੇਤਾਂ ਦੀ ਪਾਲਣਾ ਕਰਨ ਲਈ, ਉਹ ਆਪਣੇ ਸ਼ਿਕਾਰ ਦੇ ਨਾਲ ਜਾਂ ਪਿੱਛੇ ਸੈਂਕੜੇ ਮੀਲ ਯਾਤਰਾ ਕਰਦੇ ਸਨ ਅਤੇ ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲਦਾ ਸੀ, ਉਹ ਆਪਣਾ ਕੰਮ ਪੂਰਾ ਕਰਦੇ ਸਨ। ਕੰਮ ਪੂਰਾ ਹੋਣ ਤੋਂ ਬਾਅਦ, ਉਹ ਆਪਣੀ ਪ੍ਰਧਾਨ ਦੇਵੀ ਦੇ ਸਨਮਾਨ ਵਿੱਚ ਰਸਮਾਂ ਕਰਦੇ ਸਨ ਅਤੇ ਲੁੱਟ ਦਾ ਇੱਕ ਵੱਡਾ ਹਿੱਸਾ ਉਸ ਲਈ ਵੱਖਰੇ ਤੌਰ 'ਤੇ ਰੱਖਦੇ ਸਨ। ਠੱਗਾਂ ਦੀ ਆਪਣੀ ਗੁਪਤ ਭਾਸ਼ਾ ਅਤੇ ਕੁਝ ਚਿੰਨ੍ਹ ਸਨ। ਇਨ੍ਹਾਂ ਰਾਹੀਂ, ਉਹ ਭਾਰਤ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਵੀ ਇੱਕ ਦੂਜੇ ਨੂੰ ਪਛਾਣ ਸਕਦੇ ਸਨ। ਜਿਹੜੇ ਠੱਗ ਬੁਢਾਪੇ ਕਾਰਨ ਠੱਗਾਂ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਹਿੱਸਾ ਨਹੀਂ ਲੈ ਸਕਦੇ ਸਨ, ਉਹ ਵੀ ਇਸ ਕਾਰੋਬਾਰ ਵਿੱਚ ਮਦਦ ਕਰਦੇ ਸਨ। ਉਹ ਗਾਰਡ ਡਿਊਟੀ ਜਾਂ ਜਾਸੂਸੀ ਕਰਦੇ ਸਨ ਜਾਂ ਰਸੋਈਏ ਵਜੋਂ ਕੰਮ ਕਰਦੇ ਸਨ। ਉਨ੍ਹਾਂ ਦਾ ਇੱਕ ਵਧੀਆ ਸੰਗਠਨ ਸੀ। ਇਸ ਲਈ ਉਹ ਗੁਪਤ ਅਤੇ ਸੁਰੱਖਿਅਤ ਢੰਗ ਨਾਲ ਕੰਮ ਕਰਦੇ ਸਨ। ਉਹ ਧਾਰਮਿਕ ਪਹਿਰਾਵਾ ਪਹਿਨਦੇ ਸਨ ਜਿਸ ਕਾਰਨ ਉਹ ਕਤਲ ਕਰਨ ਤੋਂ ਬਾਅਦ ਵੀ ਆਪਣੇ ਆਪ ਨੂੰ ਬਚਾ ਸਕਦੇ ਸਨ। ਇਸ ਲਈ ਉਨ੍ਹਾਂ ਨੇ ਸਦੀਆਂ ਤੱਕ ਲੁੱਟ ਦਾ ਆਪਣਾ ਕਾਰੋਬਾਰ ਜਾਰੀ ਰੱਖਿਆ। ਖਾਸ ਗੱਲ ਇਹ ਸੀ ਕਿ ਭਾਰਤ ਦੇ ਸ਼ਾਸਕ, ਭਾਵੇਂ ਉਹ ਹਿੰਦੂ ਸਨ ਜਾਂ ਮੁਸਲਮਾਨ, 'ਠੱਗੀ' ਨੂੰ ਇੱਕ ਨਿਯਮਤ ਕਾਰੋਬਾਰ ਸਮਝਦੇ ਸਨ। ਠੱਗ ਹਮੇਸ਼ਾ ਰਾਜ ਨੂੰ ਟੈਕਸ ਦਿੰਦੇ ਸਨ ਅਤੇਜਦੋਂ ਅੰਗਰੇਜ਼ ਦੇਸ਼ ਦੇ ਸ਼ਾਸਕ ਬਣੇ, ਉਦੋਂ ਹੀ ਠੱਗਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। 1835 ਤੱਕ, 382 ਠੱਗਾਂ ਨੂੰ ਫਾਂਸੀ ਦਿੱਤੀ ਗਈ ਅਤੇ 986 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜਾਂ ਉਨ੍ਹਾਂ ਨੂੰ ਕਾਲਾ ਪਾਣੀ ਭੇਜਿਆ ਗਿਆ। ਫਿਰ ਵੀ, 1879 ਤੱਕ, 344 ਠੱਗਾਂ ਨੂੰ ਦਰਜ ਕੀਤਾ ਗਿਆ ਅਤੇ 1904 ਤੱਕ, ਭਾਰਤ ਸਰਕਾਰ ਦਾ ਠੱਗਾਂ ਅਤੇ ਡਕੈਤੀ ਨਾਲ ਸਬੰਧਤ ਵਿਭਾਗ ਕੰਮ ਕਰਦਾ ਰਿਹਾ। 1904 ਵਿੱਚ, ਇਸਦੀ ਥਾਂ ਕੇਂਦਰੀ ਖੁਫੀਆ ਵਿਭਾਗ ਨੇ ਲੈ ਲਈ।

**ਲੇਖ ਦਾ ਬਾਕੀ ਭਾਗ ਕਲ**

# ਟੋਰਾਂਟੋ 'ਟੈਕਸੀ ਘੁਟਾਲੇ' ਵਿੱਚ ਸੈਂਕੜੇ ਲੋਕਾਂ ਨਾਲ ਧੋਖਾਧੜੀ ਹੋਈ, ਪੁਲਿਸ ਦਾ ਕਹਿਣਾ ਹੈ

## ਕੈਨੇਡਾ: ਟੈਕਸੀ ਸਵਾਰੀਆਂ ਤੋਂ ਤਿੰਨ ਕਰੋੜ ਠੱਗਣ ਵਾਲੇ ਪੰਜ ਭਾਰਤੀਆਂ ਸਣੇ 11 ਕਾਬੂ

"Equality and justice" Patiala 21 June INTERNATIONAL PAPER, 94636 01616 hardipchumber57@gmail.com



ਟੋਰਾਂਟੋ ਪੁਲੀਸ ਨੇ ਪ੍ਰੋਜੈਕਟ ਫੇਅਰ ਤਹਿਤ ਜਾਂਚ ਕਰਕ ਉਪਰੰਤ ਪੰਜ ਭਾਰਤੀਆਂ ਸਮੇਤ 11 ਵਿਅਕਤੀਆਂ ਨੂੰ ਧੋਖਾਧੜੀ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ। ਇਹ ਵਿਅਕਤੀ ਆਪਣੀ ਟੈਕਸੀ ਵਿੱਚ ਸਫਰ ਕਰ ਰਹੀ ਸਵਾਰੀ ਤੋਂ ਕਿਰਾਇਆ ਲੈਂਦੇ ਸਮੇਂ ਉਸ ਦਾ ਏਟੀਐੱਮ ਕਾਰਡ ਬਦਲ ਲੈਂਦੇ ਤੇ ਬਾਅਦ ਵਿੱਚ ਉਸਦੀ ਵਰਤੋਂ ਕਰਦਿਆਂ ਰਾਸ਼ੀ ਉਡਾ ਦਿੰਦੇ ਸਨ। ਪੁਲੀਸ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਟੈਕਸੀ ਚਾਲਕਾਂ 300 ਲੋਕਾਂ ਨਾਲ 5 ਲੱਖ ਡਾਲਰ (ਕਰੀਬ 3 ਕਰੋੜ ਰੁਪਏ) ਦੀ ਰਾਸ਼ੀ ਕਢਾਈ ਹੈ। ਇਸ ਦੌਰਾਨ ਕਾਬੂ ਕੀਤੇ ਗਏ ਭਾਰਤੀਆਂ ਦੀ ਪਛਾਣ ਇਕਜੋਤ ਨਾਹਲ (22), ਹਰਜੋਬਨ ਨਾਹਲ (25), ਹਰਪ੍ਰੀਤ ਸਿੰਘ (24) ਗੁਰਨੂਰ ਰੰਧਾਵਾ (20) ਗੌਰਵ ਤਾਕ (23) ਵਜੋਂ ਹੋਈ ਹੈ। ਪੁਲੀਸ ਬੁਲਾਰੇ ਡੇਵਿਡ ਕੌਫੀ ਨੇ ਦੱਸਿਆ ਕਿ ਦੋਸ਼ੀਆਂ ਤੋਂ ਸੈਂਕੜੇ ਬੈਂਕ ਕਾਰਡ, ਮਸ਼ੀਨਾਂ ਸਮੇਤ ਕਈ ਹੋਰ ਉਪਕਰਨ ਬਰਾਮਦ ਕੀਤੇ ਗਏ ਹਨ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਹ ਸਾਰੇ ਇੱਕ ਗਰੋਹ ਵਜੋਂ ਕੰਮ ਕਰਦੇ ਸਨ। ਟੈਕਸੀ ਵਿੱਚ ਬੈਠੀ ਸਵਾਰੀ ਤੋਂ ਪੈਸੇ ਲੈਣ ਮੌਕੇ ਉਹ ਤਰੀਕੇ ਨਾਲ ਕਾਰਡ ਲੈ ਕੇ ਉਸ ਤੋਂ ਪਿੰਨ ਪੁੱਛਦੇ ਅਤੇ ਏਟੀਐੱਮ ਕਾਰਡ ਬਦਲ ਕੇ ਸਵਾਰੀ ਨੂੰ ਹੋਰ ਕਾਰਡ ਦੇ ਦਿੰਦੇ।

ਜਿਸ ਤੋਂ ਬਾਅਦ ਉਹ ਸਵਾਰੀ ਦੇ ਖਾਤੇ ਵਿੱਚੋਂ ਸਾਰੀ ਰਕਮ ਕਢਵਾ ਲੈਂਦੇ ਸਨ। ਪੁਲੀਸ ਅਨੁਸਾਰ ਉਨ੍ਹਾਂ ਕੋਲ ਇਸੇ ਤਰ੍ਹਾਂ ਦੀ ਧੋਖਾਧੜੀ ਦੀਆਂ 300 ਤੋਂ ਵੱਧ ਸ਼ਿਕਾਇਤਾਂ ਆਈਆਂ ਸਨ। ਉਸ ਨੇ ਦੱਸਿਆ ਕਿ ਮੁਲਜ਼ਮ ਟੈਕਸੀ ਦੀ ਥਾਂ 'ਤੇ ਆਮ ਕਾਰ ਦੀ ਵਰਤੋ ਕਰਦੇ ਸਨ ਅਤੇ ਟੈਕਸੀ ਵਰਗੇ ਸਟਿੱਕਰ ਲਾ ਕੇ ਸਵਾਰੀਆਂ ਨੂੰ ਭਰਮਾ ਲੈਂਦੇ।

# ਪਿੰਡ ਲੁਠੇੜੀ ਵਿਖੇ 10 ਰੋਜ਼ਾ ਗੁਰਮਤਿ ਗਿਆਨ ਤੇ ਵਿਦਿਆਕ ਸੈਮੀਨਰ ਦੀ ਹੋਈ ਸਮਾਪਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com



ਸ੍ਰੀ ਚਮਕੌਰ ਸਾਹਿਬ 21 ਜੂਨ (ਹਰਦਿਆਲ ਸਿੰਘ ਸੰਧੂ)ਸ਼੍ਰੋਮਣੀ ਗੁਰਸਿੱਖੀ ਪ੍ਰਚਾਰ ਪੰਜਾਬ ਸੁਸਾਇਟੀ, ਗਰਾਮ ਪੰਚਾਇਤ ਅਤੇ ਗੁਰਦੁਆਰਾ ਸ਼ਹੀਦ ਸਿੰਘਾਂ ਲੁਠੇੜੀ ਦੇ ਸਹਿਯੋਗ ਨਾਲ ਦਸ ਰੋਜ਼ਾ ਨਿਤਨੇਮ ਸੰਥਿਆ ਤੇ ਨੈਤਿਕ ਸੈਮੀਨਰ 11 ਜੂਨ ਤੋਂ 21 ਜੂਨ ਤੱਕ ਸਫਲਤਾ ਪੂਰਵਕ ਸਮਾਪਤ ਹੋਇਆ। ਜਿਸ ਦੇ ਸਬੰਧ 'ਚ ਜਾਣਕਾਰੀ ਦਿੰਦਿਆਂ ਹੋਇਆਂ ਉਪ ਵੈਦ ਗਿਆਨੀ ਸਤਨਾਮ ਸਿੰਘ ਨੇ ਦੱਸਿਆ ਕਿ ਇਸ ਸਮਾਰੋਹ ਚ ਗੋਲਡ ਮੈਡਲਿਸਟ ਇੰਟਰਨੈਸ਼ਨਲ ਢਾਡੀ ਜਥਾ ਬਲਵੀਰ ਸਿੰਘ ਰਸੀਲਾ ਨੇ ਭਾਈ ਲਾਲ ਸਿੰਘ ਦੀ ਢਾਲ ਅਤੇ ਭਾਈ ਜੈ ਸਿੰਘ ਖਲਕਟ ਦਾ ਪ੍ਰਸੰਗ ਸੁਣਾ ਕੇ ਪਹੁੰਚੀਆਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਸਮਾਰੋਹ 'ਚ ਪਹੁੰਚੇ ਪਿੰਡ ਅਤੇ ਇਲਾਕੇ ਦੇ ਲੜਕੇ ਲੜਕੀਆਂ ਨੂੰ ਧਾਰਮਿਕ ਸਮਾਗਮ 'ਚ ਭਾਗ ਲੈਣ ਸਬੰਧੀ ਸਨਮਾਨਿਤ ਕੀਤਾ ਗਿਆ। ਇਸ ਸਮਾਰੋਹ ਮੌਕੇ ਐਕਸੀਅਨ ਗੁਰਚਰਨ ਸਿੰਘ ਬਰਮਲ ਪਲਾਟ ਰੂਪਨਗਰ ਤੇ ਪਿੰਡ ਦੇ ਬਹੁਤ ਸਾਰੇ ਦਾਨੀ ਸੱਜਣਾਂ ਵੱਲੋਂ ਲੰਗਰ ਲਗਾ ਕੇ ਅਥਾਹ ਸੇਵਾ ਕੀਤੀ ਗਈ। ਇਸ ਮੌਕੇ ਜਗਮੋਹਣ ਸਿੰਘ, ਸਤਨਾਮ ਸਿੰਘ, ਡਾਕਟਰ ਰਾਜਪਾਲ ਸਿੰਘ, ਗੁਰਮੀਤ ਸਿੰਘ, ਹੈਡ ਗ੍ਰੰਥੀ ਹਰਫੂਲ ਸਿੰਘ, ਪ੍ਰੀਤਮ ਸਿੰਘ, ਹਰਬੰਸ ਸਿੰਘ, ਜੋਗਿੰਦਰ ਸਿੰਘ, ਸਰਪੰਚ ਲੁਠੇੜੀ ਰੁਪਿੰਦਰ ਕੌਰ ਨੇ ਪਹੁੰਚੀਆਂ ਸੰਗਤਾਂ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਪਰਵਿੰਦਰ ਸਿੰਘ ਲੈਕਚਰਾਰ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ ਤੇ ਚੌਕੀ ਇੰਚਾਰਜ ਸੰਜੀਵ ਕੁਮਾਰ, ਮੁਨਸ਼ੀ ਓਂਕਾਰ ਸਿੰਘ ਨੇ ਹਾਜ਼ਰੀ ਭਰੀ

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕੋਰਟ ਕੰਪਲੈਕਸ ਵਿਖੇ ਮਨਾਇਆ ਅੰਤਰਾਸ਼ਟਰੀ ਯੋਗ ਦਿਵਸ

"Equality and justice" Patiala 21 June INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)

ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੀ ਅਗਵਾਈ ਵਿਚ ਅੰਤਰਰਾਸ਼ਟਰੀ ਯੋਗ ਦਿਵਸ ਜ਼ਿਲ੍ਹਾ ਪੱਧਰ ਦੇ ਨਾਲ-ਨਾਲ ਉਪ ਮੰਡਲਾਂ (ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ) 'ਤੇ ਵੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਿਵਲ ਜੱਜ (ਸੀਨੀਅਰ ਡਵੀਜ਼ਨ) ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੁਰੇਸ਼ ਕੁਮਾਰ ਗੋਇਲ ਨੇ ਮੌਜੂਦ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਯੋਗ ਇਕ ਮਾਨਸਿਕ, ਸਰੀਰਕ ਅਤੇ ਅਧਿਆਤਮਕ ਅਨੁਸ਼ਾਸਨ ਹੈ, ਜਿਸ ਦੀ ਉਤਪਤੀ ਭਾਰਤ ਵਿਚ ਹੋਈ ਹੈ। ਇਹ ਸਾਡੇ ਜੀਵਨ ਵਿਚ ਸੰਤੁਲਨ ਨੂੰ ਬਣਾਏ ਰੱਖਣ ਦਾ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਸਾਨੂੰ ਰੋਜ਼ਾਨਾ ਯੋਗ ਨੂੰ ਆਪਣੇ ਜੀਵਨ ਵਿਚ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਪਲਾਸਟਿਕ ਦੀ ਵਰਤੋਂ ਨਾ ਕਰਕੇ ਵਾਤਾਵਰਨ ਨੂੰ ਵੀ ਸੁਰੱਖਿਅਤ ਕਰਨਾ ਚਾਹੀਦਾ ਹੈ।

ਪ੍ਰੋਗਰਾਮ ਦੌਰਾਨ ਯੋਗ ਟੀਚਰ ਜਿਤਿਨ ਸ਼ਰਮਾ ਨੇ ਯੋਗ ਅਭਿਆਸ ਕਰਵਾਇਆ। ਉਨ੍ਹਾਂ ਨੇ ਮੌਜੂਦ ਸਾਰੇ ਮੈਂਬਰਾਂ ਨੂੰ ਪ੍ਰਾਣਾਯਾਮ, ਕਪਾਲਭਾਤੀ, ਅਨੁਲੋਮ-ਵਿਲੋਮ, ਧਿਆਨ ਅਤੇ ਸੰਕਲਪ ਯੋਗ ਆਸਣਾਂ ਦਾ ਅਭਿਆਸ ਕਰਵਾਇਆ ਅਤੇ ਦੱਸਿਆ ਕਿ ਨਿਯਮਿਤ ਯੋਗਾ ਤਣਾਅ ਨੂੰ ਘੱਟ ਕਰਨ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰਦਾ ਹੈ।

ਇਸ ਮੌਕੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਮਿਤ ਕੁਮਾਰ ਗਰਗ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜਪਾਲ ਰਾਵਲ, ਸੀਨੀਅਰ ਜੱਜ (ਜੂਨੀਅਰ ਡਵੀਜ਼ਨ) ਜਸਵਿੰਦਰ ਪਾਲ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਪੀ.ਐਸ ਘੁੰਮਣ, ਚੀਫ਼ ਲੀਗਲ ਏਡ ਡਿਫੈਂਸ ਕਾਉਂਸਲ ਵਿਸ਼ਾਲ ਕੁਮਾਰ ਨੰਦਾ, ਪੈਨਲ ਐਡਵੋਕੇਟ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਅਧਿਕਾਰੀ, ਕਰਮਚਾਰੀ, ਡਿਊਟੀ 'ਤੇ ਨਿਯੁਕਤ ਨਿਆਇਕ ਸਟਾਫ਼ ਅਤੇ ਵਕੀਲ ਮੌਜੂਦ ਸਨ। ਇਸ ਦੇ ਨਾਲ ਹੀ ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ ਵਿਚ ਵੀ ਸਬੰਧਤ ਡਿਊਟੀ 'ਤੇ ਤਾਇਨਾਤ ਜੱਜ ਸਾਹਿਬਾਨ, ਸਟਾਫ਼ ਅਤੇ ਵਕੀਲਾਂ ਵੱਲੋਂ ਯੋਗ ਦਿਵਸ ਮਨਾਇਆ ਗਿਆ ਅਤੇ ਸਿਹਤ ਲਾਭ ਪ੍ਰਾਪਤ ਕੀਤੇ ਗਏ। ਪ੍ਰੋਗਰਾਮ ਦੌਰਾਨ ਜੱਜ ਸਾਹਿਬਾਨ ਵੱਲੋਂ ਵਾਤਾਵਰਨ ਦੀ ਸਾਂਭ-ਸੰਭਾਲ ਦੇ ਉਦੇਸ਼ ਨਾਲ ਪੌਦੇ ਵੀ ਵੰਡੇ ਗਏ

# ਬਸਪਾ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਇਕੱਠਾ ਕਰਕੇ ਪੰਜਾਬ ਸਰਕਾਰ ਨੂੰ ਲਾਹਨਤਾਂ ਪਾਵੇਗੀ ---ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com



ਗੜ੍ਹਸ਼ੰਕਰ( ਚਰਨਜੀਤ ਸੱਲ੍ਹਾਂ ) ਗੜ੍ਹਸ਼ੰਕਰ ਵਿਚ ਬਸਪਾ ਨੇ ਵੱਡਾ ਐਲਾਨ ਕਰਕੇ ਪੰਜਾਬ ਸਰਕਾਰ ਨੂੰ ਦੱਸਿਆ ਕਿ ਜੇਕਰ ਤੁਸੀਂ ਹੁਣ ਵੀ ਸਰਕਾਰ ਨਹੀਂ ਸੰਭਲੀ ਤਾਂ ਬਸਪਾ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਦਾ ਇਕੱਠ ਕਰਕੇ ਖੁਰਾਲਗੜ੍ਹ ਸਾਹਿਬ ਵਿਖੇ ਠੇਕੇ ਖੋਲ੍ਹੇ ਗਏ ਹਨ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਬੇਅਬਦੀ ਹੋਈ ਬੰਦ ਨਾ ਕਰ ਸਕੀ ਇਹ ਸਰਕਾਰ ਤਾਂ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੇ ਐਲਾਨ ਕੀਤਾ ਹੈ ਕਿ ਇਸ ਸਰਕਾਰ ਨੂੰ ਖਮਿਆਜ਼ਾ ਭੁਗਤਣਾ ਪੈਵੇਗਾ ਕਿਉਂਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ 6 ਠੇਕੇ 30 ਬ੍ਰਾਂਚਾਂ ਖੋਲ੍ਹ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਧਰਤੀ ਨੂੰ ਪਵਿੱਤਰ ਤੋਂ ਅਪਵਿੱਤਰ ਬਣਾਕੇ ਰੱਖ ਦਿੱਤਾ ਹੈ। ਇਸ ਵਿੱਚ ਕਾਂਗਰਸ ਪਾਰਟੀ ਨੇ ਤਿੰਨ ਠੇਕੇ ਅਤੇ ਤਿੰਨ ਠੇਕੇ ਆਮ ਆਦਮੀ ਪਾਰਟੀ ਨੇ ਖੁਲਵਾਉਣ ਵਿੱਚ ਮੁੱਖ ਭੂਮਿਕਾ ਨਜ਼ਰ ਆ ਰਹੀ ਹੈ। ਜਿਨ੍ਹਾਂ ਦੇ ਵਰਖਿਲਾਫ ਅਸੀਂ ਪਿੰਡ ਪਿੰਡ ਅਤੇ ਘਰ ਘਰ ਜਾਣ ਦਾ ਪ੍ਰੋਗਰਾਮ ਬਣਾਵਾਂਗੇ ਅਤੇ ਲੋਕਾਂ ਦਾ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਕਰਾਂਗੇ ਇਹ ਮੇਰੀ ਸਰਕਾਰ ਨੂੰ ਸਖ਼ਤ ਚੇਤਾਵਨੀ ਹੈਂ ਸੰਭਲਨਾ ਹੈ ਤਾਂ ਸੰਭਲ ਜਾਓ ਇਸ ਮੌਕੇ ਤੇ ਬਸਪਾ ਪੰਜਾਬ ਦੀ ਪੂਰੀ ਟੀਮ ਉਨ੍ਹਾਂ ਦੇ ਨਾਲ ਖੜ੍ਹੀ ਸੀ।

# ਇਨ੍ਹਾਂ ਵਾਹਨਾਂ ਨੂੰ ਦਿੱਲੀ ਦੇ ਪੈਟਰੋਲ ਪੰਪਾਂ 'ਤੇ ਨਹੀਂ ਮਿਲੇਗਾ ਅਗਲੇ ਮਹੀਨੇ ਤੋਂ ਤੇਲ

## 1 ਜੁਲਾਈ ਤੋਂ ਲਾਗੂ ਹੋ ਰਿਹਾ ਹੈ ਫੈਸਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ : ਜੇਕਰ ਤੁਹਾਡੀ ਗੱਡੀ ਪੁਰਾਣੀ ਹੈ ਅਤੇ ਤੁਸੀਂ ਦਿੱਲੀ ਜਾਂ ਨੇੜਲੇ ਇਲਾਕਿਆਂ ਵਿੱਚ ਰਹਿੰਦੇ ਹੋ ਜਾਂ ਇਸ ਵਿੱਚੋਂ ਲੰਘਦੇ ਹੋ, ਤਾਂ ਇਸ ਖ਼ਬਰ ਨੂੰ ਧਿਆਨ ਨਾਲ ਪੜ੍ਹੋ। ਆਉਣ ਵਾਲੇ ਦਿਨਾਂ ਵਿੱਚ ਇੱਕ ਨਿਸ਼ਚਿਤ ਸੀਮਾ ਤੋਂ ਪੁਰਾਣੇ ਵਾਹਨਾਂ ਨੂੰ ਪੈਟਰੋਲ ਪੰਪਾਂ ਤੋਂ ਬਾਲਣ ਨਹੀਂ ਮਿਲੇਗਾ। ਇਹ ਨਿਯਮ ਪੜਾਅਵਾਰ ਲਾਗੂ ਕੀਤੇ ਜਾਣਗੇ ਅਤੇ 1 ਜੁਲਾਈ ਤੋਂ ਸ਼ੁਰੂ ਹੋਣਗੇ।

ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਯਾਨੀ ਕਿ CAQM ਨੇ ਐਲਾਨ ਕੀਤਾ ਹੈ ਕਿ ਆਟੋਮੈਟਿਕ ਨੰਬਰ ਪਲੇਟ ਪਛਾਣ ਦੁਆਰਾ ਪਛਾਣੇ ਗਏ ਵਾਹਨ ਜਿਵੇਂ ਕਿ ANPR ਕੈਮਰੇ ਜਿਨ੍ਹਾਂ ਨੂੰ EOL ਮੰਨਿਆ ਜਾਂਦਾ ਹੈ, ਉਨ੍ਹਾਂ ਵਿੱਚ ਈਂਧਨ ਨਹੀਂ ਭਰਿਆ ਜਾਵੇਗਾ। ਇਸ ਫੈਸਲੇ ਨਾਲ 5



ਲੱਖ ਵਾਹਨ ਪ੍ਰਭਾਵਿਤ ਹੋ ਸਕਦੇ ਹਨ। ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਵਾਹਨ ਨੂੰ ਜ਼ਬਤ ਵੀ ਕੀਤਾ ਜਾ ਸਕਦਾ ਹੈ।

# ਆਯੁਸ਼ਮਾਨ ਆਰੋਗਯ ਕੇਂਦਰ ਖੋਖਰ ਵਿਖੇ ਫਾਇਰ ਸੇਫਟੀ ਟ੍ਰੇਨਿੰਗ ਕਰਵਾਈ ਗਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com



ਬੇਲਾ 21 ਜੂਨ (ਹਰਦਿਆਲ ਸਿੰਘ ਸੰਧੂ) ਡਾ.ਬਲਵਿੰਦਰ ਕੌਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਆਯੁਸ਼ਮਾਨ ਆਰੋਗਯ ਕੇਂਦਰ ਖੋਖਰ ਵਿਖੇ ਸੈਕਟਰ ਬਜ਼ੀਦਪੁਰ ਦੀ ਫਾਇਰ ਸੇਫਟੀ ਸਬੰਧੀ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਤੇ ਡਾ.ਸੁਮਿਤਾ ਸ਼ਰਮਾਂ ਨੇ ਕਿਹਾ ਕਿ ਇਸ ਟ੍ਰੇਨਿੰਗ ਦਾ ਮਕਸਦ ਕੇਂਦਰ ਦੇ ਸਟਾਫ ਅਤੇ ਸਿਹਤ ਕਰਮਚਾਰੀਆਂ ਨੂੰ ਅਗਨਿ ਸੁਰੱਖਿਆ ਬਾਰੇ ਜਾਣੂ ਕਰਵਾਉਣਾ ਸੀ, ਤਾਂ ਜੋ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਸਮੇਂ ਸਿਰ ਅਤੇ ਢੰਗ ਨਾਲ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਤੇ ਡਾ.ਸਚਿਨ ਕੁਮਾਰ ਨੇ ਟ੍ਰੇਨਿੰਗ ਦੌਰਾਨ ਸਿਹਤ ਕਰਮਚਾਰੀਆਂ ਨੂੰ ਅੱਗ ਲੱਗਣ ਦੇ ਕਾਰਣ, ਕਿਸਮਾਂ, ਤੇ ਅੱਗ ਬੁਝਾਉਣ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਸਟਾਫ ਨੂੰ ਫਾਇਰ ਐਕਸਟਿੰਗੁਇਸ਼ਰ ਦੀ ਵਰਤੋਂ, ਇਵੈਕੁਏਸ਼ਨ ਪ੍ਰੋਸੀਜਰ, ਅਤੇ ਆਤਮ-ਸੁਰੱਖਿਆ ਉਪਕਰਨਾਂ ਦੀ ਵਰਤੋਂ ਵੀ ਸਿਖਾਈ ਗਈ।ਇਸ ਟ੍ਰੇਨਿੰਗ ਵਿੱਚ ਸਮੂਹ ਸੀ.ਐਚ.ਓ, ਸਮੂਹ ਏ.ਐਨ.ਐਮਜ਼, ਹੈਲਥ ਵਰਕਰਜ਼ ਅਤੇ ਆਸ਼ਾ ਵਰਕਰਜ਼ ਹਾਜਰ ਸਨ

# ਪੇਂਡੂ ਸਿਹਤ ਤੇ ਸਫਾਈ ਕਮੇਟੀ ਦੀ ਮੀਟਿੰਗ ਆਯੁਸ਼ਮਾਨ ਆਰੋਗਿਆ ਕੇਂਦਰ ਢੰਗਰਾਲੀ ਵਿਖੇ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ INTERNATIONAL PAPER, 94636 01616 hardipchumber57@gmail.com



ਮੋਰਿੰਡਾ 21 ਜੂਨ (ਹਰਦਿਆਲ ਸਿੰਘ ਸੰਧੂ) ਡਾ.ਬਲਵਿੰਦਰ ਕੌਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਪੇਂਡੂ ਸਿਹਤ ਤੇ ਸਫਾਈ ਕਮੇਟੀ ਦੀ ਮੀਟਿੰਗ ਆਯੁਸ਼ਮਾਨ ਆਰੋਗਿਆ ਕੇਂਦਰ ਢੰਗਰਾਲੀ ਵਿਖੇ ਹੋਈ। ਇਸ ਮੀਟਿੰਗ ਵਿੱਚ ਸੀ.ਐਚ.ਓ, ਆਸ਼ਾ ਵਰਕਰ, ਆਂਗਨਵਾੜੀ ਵਰਕਰ, ਸਰਪੰਚ, ਏ.ਐਨ.ਐਮ ਕਮੇਟੀ ਦੇ ਹੋਰ ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਦੌਰਾਨ ਪਿੰਡ ਦੀ ਸਫਾਈ, ਪਾਣੀ ਦੀ ਸਫ਼ਾਈ, ਮੱਖੀਆਂ ਅਤੇ ਮੱਛਰਾਂ ਤੋਂ ਬਚਾਅ, ਡੇਂਗੂ, ਮਲੇਰੀਆ ਅਤੇ ਹੋਰ ਬਿਮਾਰੀਆਂ ਸਬੰਧੀ ਚਰਚਾ ਕੀਤੀ ਗਈ। ਲੋਕਾਂ ਵਿੱਚ ਸਿਹਤ ਜਾਗਰੂਕਤਾ ਵਧਾਉਣ ਅਤੇ ਸਿਹਤ ਸੇਵਾਵਾਂ ਦੀ ਪਹੁੰਚ ਸੁਨਿਸ਼ਚਤ ਕਰਨ ਲਈ ਵੀ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਤੇ ਆਯੁਸ਼ਮਾਨ ਆਰੋਗਿਆ ਕੇਂਦਰ ਵਿਖੇ ਨੈਸ਼ਨਲ ਕੁਆਲਿਟੀ ਅਸੈਸਮੈਂਟ ਸਬੰਧੀ ਤਿਆਰੀਆਂ ਕਰਨ ਤੇ ਚਰਚਾ ਕੀਤੀ ਗਈ। ਇਸ ਮੌਕੇ ਤੇ ਰਣਦੀਪ ਸਿੰਘ ਸਰਪੰਚ ਢੰਗਰਾਲੀ, ਹਰਜੀਤ ਕੌਰ ਸੀ.ਐਚ.ਓ,ਗੁਰਦੀਪ ਸਿੰਘ ਹੈਲਥ ਵਰਕਰ, ਮਨਪ੍ਰੀਤ ਕੌਰ ਏ.ਐਨ.ਐਮ, ਗੁਰਪ੍ਰੀਤ ਕੌਰ ਆਸ਼ਾ ਫੈਸਿਲੀਟੇਟਰ, ਮਾਧਵੀ ਸ਼ਰਮਾਂ ਆਂਗਨਵਾੜੀ ਵਰਕਰ, ਮਨਪ੍ਰੀਤ ਕੌਰ ਆਂਗਨਵਾੜੀ ਵਰਕਰ, ਸੁਖਿੰਦਰ ਸਿੰਘ, ਕਰਮਜੀਤ ਕੌਰ ਸਰਪੰਚ ਖੈਰਪੁਰ ਅਤੇ ਪਤਵੰਤੇ ਸੱਜਣ ਹਾਜਰ ਸਨ

# ਮੁਕਤਸਰ: 300 ਰੁਪਏ ਦਿਹਾੜੀ 'ਤੇ ਜੁੱਤੀਆਂ ਬਣਾਉਣ ਵਾਲੇ ਦੇ ਪੁੱਤ ਨੇ ਕਿਵੇਂ ਹਾਸਲ ਕੀਤਾ ਨੀਟ 'ਚ 'ਟਾਪ ਰੈਂਕ', ਪਿਓ ਨੇ ਤਾਂ ਚਪੜਾਸੀ ਦੀ ਨੌਕਰੀ ਦੇ ਸੁਪਨੇ ਵੇਖੇ ਸੀ



"ਜਦੋਂ ਮੇਰਾ ਪੁੱਤ ਛੋਟਾ ਸੀ ਤਾਂ ਮੈਂ ਆਪਣੇ ਪੁੱਤ ਨੂੰ ਸਮਝਾਉਂਦਾ ਸੀ ਕਿ ਪੁੱਤ ਆਪਣੇ ਪਰਿਵਾਰ ਵਿੱਚ ਅੱਜ ਤੱਕ ਕੋਈ ਸਰਕਾਰੀ ਨੌਕਰੀ ਤੱਕ ਨਹੀਂ ਪਹੁੰਚਿਆ, ਕੋਈ ਪੜ੍ਹਿਆ ਲਿਖਿਆ ਨਹੀਂ ਹੈ।"

"ਇਸ ਲਈ ਮੈਂ ਚਾਹੁੰਦਾ ਸੀ ਕਿ ਦਿਹਾੜੀ ਕਰਕੇ ਕਿਸੇ ਤਰ੍ਹਾਂ ਬੱਚੇ ਨੂੰ ਅੱਗੇ ਲੈ ਕੇ ਜਾਵਾਂਗਾ।"

ਇਹ ਬੋਲ ਉਸ ਪਿਤਾ ਦੇ ਹਨ, ਜਿਨ੍ਹਾਂ ਦੇ ਪੁੱਤ ਦੀ ਅੱਤ ਦੀ ਗਰੀਬੀ ਨਾਲ ਜੂਝਦਿਆਂ ਕੀਤੀ ਮਿਹਨਤ ਰੰਗ ਲਿਆਈ ਹੈ।

ਮਲੋਟ ਦੇ ਗੁਰੂ ਰਵਿਦਾਸ ਨਗਰ ਵਿੱਚ ਰਹਿੰਦੇ ਜਤਿਨ ਨੇ 'ਨੈਸ਼ਨਲ ਇਲੀਜੀਬਿਲਿਟੀ ਕਮ ਐਂਟਰੈਂਸ ਟੈਸਟ' NEET-UGC ਵਿੱਚ ਆਲ ਇੰਡੀਆ ਰੈਂਕ 7191 ਅਤੇ ਐੱਸਸੀ (SC) ਕੈਟੇਗਰੀ ਵਿੱਚ 170ਵਾਂ ਰੈਂਕ ਹਾਸਲ ਕੀਤਾ ਹੈ।

ਇਹ ਰਿਜ਼ਲਟ 14 ਜੂਨ ਨੂੰ ਆਇਆ ਸੀ।

ਬਿਨ੍ਹਾਂ ਪਲਸਤਰ ਵਾਲੇ ਉਨ੍ਹਾਂ ਦੇ ਘਰ ਵਿੱਚ ਅੱਜ ਰੌਣਕਾਂ ਲੱਗੀਆਂ ਹੋਈਆਂ ਹਨ, ਢੋਲ ਵੱਜ ਰਹੇ ਹਨ ਤੇ ਮੂੰਹ ਮਿੱਠੇ ਕਰਵਾਏ ਜਾ ਰਹੇ ਹਨ।

ਜੁੱਤੀਆਂ ਬਣਾਉਣ ਦਾ ਕੰਮ ਕਰਦੇ ਜਤਿਨ ਦੇ ਪਿਤਾ ਧਰਮਵੀਰ ਤੇ ਉਨ੍ਹਾਂ ਦੇ ਮਾਤਾ ਸੁਮਨ ਰਾਣੀ ਕੋਲੋਂ ਆਪਣੀ ਖੁਸ਼ੀ ਸੰਭਾਲੀ ਨਹੀਂ ਜਾ ਰਹੀ ਹੈ।

ਜਤਿਨ ਦੇ ਪਿਤਾ ਨੂੰ ਪੰਜਾਬੀ ਜੁੱਤੀਆਂ ਬਣਾਉਣ ਦੇ ਕੰਮ ਤੋਂ ਕਰੀਬ 300 ਰੁਪਏ ਦਿਹਾੜੀ ਬਣਦੀ ਹੈ।

## ਪੁਣੇ ਰਹਿ ਕੇ ਕੀਤੀ ਤਿਆਰੀ

ਜਤਿਨ ਨੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਜਵਾਹਰ ਨਵੋਦਿਆ ਵਿਦਿਆਲਾ ਮੁਕਤਸਰ ਸਾਹਿਬ ਤੋਂ ਕੀਤੀ ਹੈ। ਦਸਵੀਂ ਵਿੱਚ ਉਨ੍ਹਾਂ ਦੇ 91 ਫੀਸਦ ਅਤੇ 12ਵੀਂ ਵਿੱਚ 92 ਫੀਸਦੀ ਅੰਕ ਹਾਸਲ ਕੀਤੇ।

ਪੰਜਵੀਂ ਤੱਕ ਦੀ ਪੜ੍ਹਾਈ ਉਨ੍ਹਾਂ ਨੇ ਆਪਣੇ ਇਲਾਕੇ ਵਿਚਲੇ ਹੀ ਇੱਕ ਪ੍ਰਾਈਵੇਟ ਸਕੂਲ ਤੋਂ ਕੀਤੀ ਸੀ, ਇਸ ਤੋਂ ਬਾਅਦ ਉਨ੍ਹਾਂ ਨੇ ਨਵੋਦਿਆ ਵਿਦਿਆਲੇ ਵਿੱਚ ਦਾਖ਼ਲੇ ਲਈ ਪੇਪਰ ਦਿੱਤਾ ਤੇ ਉਨ੍ਹਾਂ ਦਾ ਦਾਖਲਾ ਹੋ ਗਿਆ।

ਉਨ੍ਹਾਂ ਨੇ 10ਵੀਂ ਕਲਾਸ ਵਿੱਚ ਨੀਟ ਦਾ ਪੇਪਰ ਦੇਣ ਬਾਰੇ ਸੋਚਿਆ ਸੀ।

ਬਾਰ੍ਹਵੀਂ ਮਗਰੋਂ ਉਨ੍ਹਾਂ ਦੀ ਦਕਸ਼ਿਣਾ ਫਾਊਂਡੇਸ਼ਨ, ਪੁਣੇ ਵਿੱਚ ਪੜ੍ਹਾਈ ਲਈ ਚੋਣ ਹੋ ਗਈ।

ਦਕਸ਼ਿਣਾ ਫਾਊਂਡੇਸ਼ਨ ਵਲੋਂ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਸਹਾਇਤਾ ਕੀਤੀ ਜਾਂਦੀ ਹੈ।

ਜਤਿਨ ਦੱਸਦੇ, "ਮੈਂ ਇੱਕ ਸਾਲ ਘਰ ਰਹਿੰਦਿਆਂ ਨੀਟ ਦੀ ਤਿਆਰੀ ਕੀਤੀ, ਮੈਂ ਇੱਕ ਸਾਲ ਪੇਪਰ ਨਹੀਂ ਦਿੱਤਾ ਤਾਂ ਜੋ ਬਿਹਤਰ ਤਿਆਰੀ ਕਰ ਸਕਾਂ, ਮੇਰੇ ਮਾਪਿਆਂ ਨੇ ਇੰਨੀ ਗਰੀਬੀ ਦੇ ਬਾਵਜੂਦ ਕਦੇ ਮੈਨੂੰ ਇਹ ਨਹੀਂ ਕਿਹਾ ਪੈਸੇ ਨਹੀਂ ਹਨ ਜਾਂ ਮੈਨੂੰ ਛੱਡ ਦੇਣਾ ਚਾਹੀਦਾ ਹੈ।"

ਭਵਿੱਖ ਵਿੱਚ ਉਹ ਕੀ ਕਰਨਾ ਚਾਹੁੰਦੇ ਹਨ, ਇਸ ਸਵਾਲ ਦੇ ਜਵਾਬ ਵਿੱਚ ਜਤਿਨ ਕਹਿੰਦੇ ਹਨ, "ਕਈ ਵਾਰ ਗਰੀਬਾਂ ਦੀ ਚੰਗੀ ਤਰ੍ਹਾਂ ਸੁਣਵਾਈ ਨਹੀਂ ਹੁੰਦੀ ਤੇ ਉਹ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ, ਮੈਂ ਚਾਹੁੰਦਾ ਹਾਂ ਕਿ ਮੈਂ ਇੱਕ ਵੱਡਾ ਹਸਪਤਾਲ ਖੋਲ੍ਹਾਂ ਅਤੇ ਗਰੀਬਾਂ ਦੀ ਸਹਾਇਤਾ ਕਰਾਂ।"

ਉਹ ਦੱਸਦੇ ਹਨ ਕਿ ਉਨ੍ਹਾਂ ਦੇ ਮਾਪਿਆਂ, ਰਿਸ਼ਤੇਦਾਰਾਂ, ਸਕੂਲ ਦੇ ਅਧਿਆਪਕਾਂ ਤੇ ਦਕਸ਼ਿਣਾ ਸੰਸਥਾ ਨੇ ਉਨ੍ਹਾਂ ਦੇ ਇਸ ਸਫ਼ਰ ਵਿੱਚ ਸਾਥ ਦਿੱਤਾ।

ਜਤਿਨ ਦੇ ਪਿਤਾ ਦੱਸਦੇ ਹਨ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਨਹੀਂ ਪਤਾ ਸੀ ਕਿ ਉਨ੍ਹਾਂ ਦੇ ਬੱਚੇ ਨੇ ਕਿਹੜੀ ਸਟ੍ਰੀਮ ਰੱਖਣੀ ਹੈ।

ਉਹ ਦੱਸਦੇ ਹਨ, "ਜਦੋਂ ਦਕਸ਼ਿਣਾ ਫਾਊਂਡੇਸ਼ਨ ਤੋਂ ਜਤਿਨ ਦੀ ਕੋਚਿੰਗ ਲਈ ਸਿਲੈਕਸ਼ਨ ਹੋਣ ਬਾਰੇ ਫੋਨ ਆਇਆ ਤਾਂ ਮੈਨੂੰ ਬਹੁਤ ਖੁਸ਼ੀ ਹੋਈ, ਅਸੀਂ ਆਪ ਜਾ ਕੇ ਉੱਥੇ ਛੱਡ ਕੇ ਆਏ।"

"ਮੇਰੀ ਇੱਥੋਂ ਤੱਕ ਸੋਚ ਨਹੀਂ ਸੀ, ਮੈਂ ਚਾਹੁੰਦਾ ਸੀ ਕਿ ਉਹ ਚਪੜਾਸੀ ਭਰਤੀ ਹੀ ਹੋ ਜਾਵੇ ਭਾਵੇਂ, ਜਿੱਥੇ ਉਹ ਪਹੁੰਚਿਆ ਇੱਥੇ ਸਾਡੇ ਪਰਿਵਾਰ ਵਿੱਚੋਂ ਕੋਈ ਨਹੀਂ ਪਹੁੰਚਿਆ।"

## ਬਿਨਾ ਲੈਪਟਾਪ ਤੋਂ ਕੀਤੀ ਪੜ੍ਹਾਈ

ਧਰਮਵੀਰ ਦੱਸਦੇ ਹਨ ਕਿ ਉਨ੍ਹਾਂ ਨੇ ਸੋਚਿਆ ਨਹੀਂ ਸੀ ਕਿ ਉਨ੍ਹਾਂ ਦਾ ਪੁੱਤ ਇੱਥੋਂ ਤੱਕ ਪਹੁੰਚ ਜਾਵੇਗਾ।

ਧਰਮਵੀਰ ਦੱਸਦੇ ਹਨ ਕਿ ਜਤਿਨ ਨੇ ਲੈਪਟਾਪ ਦੇ ਬਗੈਰ ਹੀ ਪੜ੍ਹਾਈ ਕੀਤੀ, ਉਹ ਦੱਸਦੇ ਹਨ, "ਅਸੀਂ ਇੱਕ ਪੁਰਾਣਾ ਮੋਬਾਇਲ ਲਿਆ ਸੀ ਜਿਸ ਨੂੰ ਜਤਿਨ ਨੇ ਪੜ੍ਹਾਈ ਲਈ ਵਰਤਿਆ।

ਉਹ ਦੱਸਦੇ ਹਨ, ਜਤਿਨ ਨੇ ਪਹਿਲਾਂ ਵੀ ਪੇਪਰ ਦਿੱਤਾ ਜਿਸ ਵਿੱਚੋਂ ਉਸ ਦੇ 459 ਨੰਬਰ ਆਏ, ਉਹ ਚਾਹੁੰਦਾ ਸੀ ਕਿ ਉਹ ਏਮਜ਼ ਵਿੱਚ ਪੜ੍ਹਾਈ ਕਰੇ ਜਿਸ ਲਈ ਉਸ ਨੇ ਪੁਣੇ ਜਾ ਕੇ ਦਿਨ-ਰਾਤ ਪੜ੍ਹਾਈ ਕੀਤੀ, 16-16 ਘੰਟੇ ਵੀ ਲਾਏ ਤੇ ਇਹ ਨਤੀਜਾ ਆਇਆ।

ਇਸ ਮਗਰੋਂ ਸਾਰੇ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ।

ਜਤਿਨ ਦੱਸਦੇ ਹਨ ਕਿ ਉਹ ਯੂਟਿਊਬ 'ਤੇ ਨੀਟ ਯੂਜੀ ਦੀਆਂ ਪ੍ਰੀਖਿਆਵਾਂ ਸਬੰਧੀ ਵੀਡੀਓਜ਼ ਵੇਖਦਾ ਸੀ ਅਤੇ ਉਸ ਨੂੰ ਲੱਗਿਆ ਕਿ ਉਹ ਪ੍ਰੀਖਿਆ ਪਾਸ ਕਰ ਸਕਦਾ ਹੈ।

## ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਬਣਿਆ ਘਰ

ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਜਤਿਨ ਦੇ ਮਾਪਿਆਂ ਨੇ ਉਨ੍ਹਾਂ ਦਾ ਹਰ ਪੱਖੋਂ ਸਾਥ ਦਿੱਤਾ ਤੇ ਅੱਜ ਉਹ ਆਪਣੀ ਮਿਹਨਤ ਸਦਕਾ ਇਸ ਮੁਕਾਮ ਉੱਤੇ ਪਹੁੰਚੇ ਹਨ।

ਜਤਿਨ ਦਾ ਪਰਿਵਾਰ ਜਿਸ ਘਰ ਵਿੱਚ ਰਹਿੰਦਾ ਹੈ ਉਹ ਪਹਿਲਾਂ ਕੱਚਾ ਸੀ, ਉਨ੍ਹਾਂ ਨੇ ਇਸ ਘਰ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਮਿਲਣ ਵਾਲੀ ਰਕਮ ਨਾਲ ਪੱਕਾ ਬਣਵਾਇਆ।

ਉਨ੍ਹਾਂ ਦੇ ਘਰ ਵਿੱਚ ਤਿੰਨ ਕਮਰੇ ਹਨ ਜਿਸ ਵਿੱਚ ਉਨ੍ਹਾਂ ਜਤਿਨ, ਉਨ੍ਹਾਂ ਦਾ ਭਰਾ, ਮਾਪੇ ਤੇ ਦਾਦੀ ਰਹਿੰਦੇ ਹਨ।

ਜਤਿਨ ਦੀ ਮਾਂ ਕਹਿੰਦੇ ਹਨ, 'ਮੇਰਾ ਸੁਪਨਾ ਸੀ ਕਿ ਮੇਰਾ ਪੁੱਤ ਇੱਕ ਅਫ਼ਸਰ ਬਣੇ ਅਤੇ ਪਰਿਵਾਰ ਦੇ ਸੁਪਨੇ ਪੂਰੇ ਕਰੇ।'

ਜਤਿਨ ਦੇ ਘਰ ਦੀ ਹਾਲਤ ਖਸਤਾ ਹੈ, ਉਨ੍ਹਾਂ ਦੇ ਪਰਿਵਾਰ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਪੁੱਤ ਦੀ ਜ਼ਿੰਦਗੀ 'ਚ ਆਏ ਇਸ ਮੋੜ ਨਾਲ ਉਨ੍ਹਾਂ ਦੀ ਜ਼ਿੰਦਗੀ ਵੀ ਬਿਹਤਰ ਹੋਵੇਗੀ।

# ਐਸ ਐਸ ਐਮ ਸਕੂਲ ਕਸੋਆਣਾ ਵਿਖੇ ਫੁੱਟਬਾਲ ਟਰੇਨਿੰਗ ਕੈਂਪ ਸੰਪੰਨ



ਜ਼ੀਰਾ 20 ਜੂਨ ( ਅੰਗਰੇਜ਼ ਬਰਾੜ ) - ਪੰਜਾਬ ਫੁੱਟਬਾਲ ਐਸੋਸੀਏਸ਼ਨ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ ਐਸ ਐਸ ਮੈਮੋਰੀਅਲ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਕੱਸੋਆਣਾ ਵਿਖੇ ਫੁੱਟਬਾਲ ਨਾਲ ਸਬੰਧਿਤ ਕੋਚਾਂ ਨੂੰ ਟ੍ਰੇਨਿੰਗ ਦੇਣ ਲਈ 6 ਰੋਜ਼ਾ ਡੀ- ਲਾਈਸੰਸ ਕੋਰਸ ਸ਼ਾਨੋ ਸ਼ੌਕਤ ਨਾਲ ਸਮਾਪਿਤ ਹੋਇਆ । ਕੈਂਪ ਦੇ ਸਮਾਪਨ ਤੇ ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ ਹਰਜੀਤ ਸਿੰਘ ਗਿੱਲ, ਵਾਈਸ ਪ੍ਰਧਾਨ ਸ੍ਰ ਕੰਵਲਜੀਤ ਸਿੰਘ ਗਿੱਲ, ਸਕੱਤਰ ਗੁਰਿੰਦਰ ਸਿੰਘ ਬਰਾੜ,ਖਜਾਨਚੀ ਸ੍ਰ ਗੁਰਮੀਤ ਸਿੰਘ ਮੁਦਕੀ ਵੱਲੋਂ ਸਾਂਝੇ ਤੌਰ ਤੇ ਕੈਂਪ ਵਿੱਚ ਸ਼ਾਮਿਲ ਸਾਰੇ ਕੋਚਾਂ ਨੂੰ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਵੱਲੋਂ ਮਾਨਤਾ ਪ੍ਰਾਪਤ ਕੋਚ ਬਣਨ ਤੇ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਫੁੱਟਬਾਲ ਖੇਡ ਨੂੰ ਪ੍ਰਫੁੱਲਤ ਕਰਨ ਲਈ ਵੱਧ ਤੋਂ ਵੱਧ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਇਸ ਕੈਂਪ ਵਿੱਚ ਕੋਚਾਂ ਨੂੰ ਖੇਡ ਨਾਲ ਸਬੰਧਤ ਬਰੀਕੀਆਂ ਬਾਰੇ ਥਿਊਰੀ ਅਤੇ ਪ੍ਰੈਕਟਿਕਲ ਟ੍ਰੇਨਿੰਗ ਦੇਣ ਲਈ ਹਰਦੀਪ ਸਿੰਘ ਸੈਣੀ ਟੈਕਨੀਕਲ ਇੰਸਟਰਕਟਰ ਪੰਜਾਬ ਫੁੱਟਬਾਲ ਐਸੋਸੀਏਸ਼ਨ ਨੇ ਆਪਣੀ ਜਿੰਮੇਵਾਰੀ ਨੂੰ ਬਾਖੂਬੀ ਨਿਭਾਇਆ। ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਵੱਲੋਂ ਇਹ ਜਿੰਮੇਵਾਰੀ ਅਤੇ ਸਹਿਯੋਗ ਦੇਣ ਲਈ ਪੰਜਾਬ ਫੁੱਟਬਾਲ ਐਸੋਸੀਏਸ਼ਨ ਦੇ ਐਡੀਸ਼ਨਲ ਸੈਕਟਰੀ ਸ਼੍ਰੀ ਵਿਜੇ ਬਾਲੀ ਅਤੇ ਸੈਕਟਰੀ ਹਰਜਿੰਦਰ ਸਿੰਘ ਜੱਗਾ ਦਾ ਧੰਨਵਾਦ ਕੀਤਾ ਗਿਆ। ਇਸ ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਰਦਾਰ ਸੁਖਜੀਤ ਸਿੰਘ ਕੋਆਰਡੀਨੇਟਰ ਅਤੇ ਅੰਗਰੇਜ਼ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ ਜਿੰਨਾ ਨੇ ਸਾਰੇ ਆਏ ਹੋਏ ਕੋਚਾਂ ਅਤੇ ਪ੍ਰਬੰਧਕਾਂ ਦੇ ਰਹਿਣ ਸਹਿਣ ਅਤੇ ਖਾਣ ਪੀਣ ਦਾ ਪੂਰਾ ਪ੍ਰਬੰਧ ਸਾਂਭਿਆ।ਇਸ ਕੈਂਪ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਤੋਂ 16 ਲੜਕੇ ਅਤੇ ਛੇ ਲੜਕੀਆਂ ਨੇ ਟ੍ਰੇਨਿੰਗ ਹਾਸਿਲ ਕੀਤੀ। ਆਖਰੀ ਦਿਨ ਲਿਖਤੀ ਪੇਪਰ ਵੀ ਲਿਆ ਗਿਆ, ਉਹ ਪਾਸ ਕਰਨ ਤੇ ਕੈਂਡੀਡੇਟ ਨੂੰ ਏ ਆਈ ਐਫ ਐਫ ਵੱਲੋਂ ਡੀ ਲਾਈਸੰਸ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਅਖੀਰ ਵਿੱਚ ਪ੍ਰਬੰਧਕਾਂ ਵੱਲੋਂ ਮਹਿਮਾਨਾਂ ਦਾ ਮਾਨ ਸਨਮਾਨ ਵੀ ਕੀਤਾ ਗਿਆ।

# ਆਯੂਸ਼ਮਾਨ ਅਰੋਗਿਆ ਕੇਂਦਰ ਮਾਹਲਾਂ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ





ਰੂਪਨਗਰ, 21 ਜੂਨ : ਅੰਤਰਰਾਸ਼ਟਰੀ ਯੋਗਾ ਦਿਵਸ ਦੇ ਮੌਕੇ ਤੇ ਆਯੂਸ਼ਮਾਨ ਅਰੋਗਿਆ ਕੇਂਦਰ ਮਾਹਲਾਂ ਵੱਲੋਂ ਇੱਕ ਵਿਸ਼ੇਸ਼ ਯੋਗਾ ਸਮਾਗਮ ਦਾ ਆਯੋਜਨ ਕੀਤਾ ਗਿਆ, ਜੋ ਕਿ ਪਿੰਡ ਮਾਹਲਾਂ ਦੀਆਂ ਮਹਿਲਾਵਾਂ ਨੂੰ ਯੋਗ ਦੇ ਪ੍ਰਾਚੀਨ ਵਿਗਿਆਨ ਨਾਲ ਜੋੜਨ ਲਈ ਸਮਰਪਿਤ ਸੀ।

ਇਹ ਸਮਾਗਮ ਕਮਿਊਨਿਟੀ ਹੈਲਥ ਅਫਸਰ ਡਾ. ਮੀਨਾ, ਏ.ਐਨ.ਐਮ ਜੋਤਿਸ਼ਨਾ ਅਤੇ ਆਸ਼ਾ ਵਰਕਰਾਂ ਦੀ ਸਾਂਝੀ ਕੋਸ਼ਿਸ਼ ਨਾਲ ਆਯੋਜਿਤ ਕੀਤਾ ਗਿਆ। ਇਨ੍ਹਾਂ ਤਿੰਨੇ ਸਿਹਤ ਕਰਮਚਾਰੀਆਂ ਨੇ ਸਮੂਹ ਮਹਿਲਾਵਾਂ ਨੂੰ ਯੋਗ ਕਰਵਾਇਆ ਅਤੇ ਉਨ੍ਹਾਂ ਨੂੰ ਵਿਸਥਾਰ ਨਾਲ ਦੱਸਿਆ ਕਿ ਨਿਯਮਿਤ ਯੋਗਾ ਕਰਨਾ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਕਿਵੇਂ ਲਾਭਕਾਰੀ ਹੈ।

ਇਸ ਮੌਕੇ ਡਾ. ਮੀਨਾ ਨੇ ਤਾੜ ਆਸਨ, ਤ੍ਰਿਕੋਣ ਆਸਨ, ਭੁਜੰਗ ਆਸਨ ਆਦਿ ਯੋਗ ਆਸਨਾਂ ਦੀ ਪ੍ਰਦਰਸ਼ਨੀ ਦਿੱਤੀ ਅਤੇ ਮਹਿਲਾਵਾਂ ਨੂੰ ਉਹਨਾਂ ਦੀ ਸਹੀ ਤਕਨੀਕ ਸਿਖਾਈ। ਉਨ੍ਹਾ ਨੇ ਯੋਗ ਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ ਅਤੇ ਮਹਿਲਾਵਾਂ ਨੂੰ ਇਸਦੀ ਨਿਯਮਿਤ ਅਭਿਆਸ ਲਈ ਉਤਸ਼ਾਹਿਤ ਕੀਤਾ।

ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਪਿੰਡ ਪੱਧਰ 'ਤੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਦਾ ਵਧੀਆ ਢੰਗ ਹਨ। ਯੋਗਾ ਸਿਰਫ ਸਰੀਰਕ ਕਸਰਤ ਨਹੀਂ, ਸਗੋਂ ਇਹ ਮਨ, ਸਰੀਰ ਅਤੇ ਆਤਮਾ ਦੇ ਸੰਤੁਲਨ ਲਈ ਅਨਮੋਲੀ ਪ੍ਰਥਾ ਹੈ। ਆਯੂਸ਼ਮਾਨ ਅਰੋਗਿਆ ਕੇਂਦਰ ਮਾਹਲਾਂ ਵੱਲੋਂ ਕੀਤਾ ਗਿਆ ਇਹ ਉੱਦਮ ਬੇਹੱਦ ਸ਼ਲਾਘਾਯੋਗ ਹੈ।

ਸਮਾਗਮ ਅੰਤ ਵਿੱਚ ਸਾਰੇ ਸਿਹਤ ਕਰਮਚਾਰੀਆਂ ਅਤੇ ਪਿੰਡ ਦੀਆਂ ਮਹਿਲਾਵਾਂ ਨੇ ਮਿਲ ਕੇ ਯੋਗ ਕਰਕੇ ਤੰਦਰੁਸਤ ਜੀਵਨ ਦੀ ਝਲਕ ਪੇਸ਼ ਕੀਤੀ।

# ਯੋਗ ਦਿਵਸ

ਹਰਵਿੰਦਰ ਸਿੰਘ 97811-10246



ਕਰੋ ਯੋਗ ,ਰਹੋ ਨਿਰੋਗ
ਤੰਦਰੁਸਤੀ ਦਾ ਪੜ੍ਹ ਕੇ ਮੰਤਰ
ਰੋਗ ਮੁਕਤ ਜੀਵਨ ਪਾਈਏ ਬੱਚਿਓ
ਆਓ ਸਾਰੇ ਯੋਗ ਦਿਵਸ ਮਨਾਈਏ ਬੱਚਿਓ
ਯੋਗ ਹੁੰਦਾ ਆਤਮਾ-ਪਰਮਾਤਮਾ ਦਾ ਮੇਲ
ਜਿਹਦੇ ਨਾਲ ਚੱਲੇ ਸਾਰਾ ਜ਼ਿੰਦਗੀ ਦਾ ਖੇਲ
ਪੂੰਜੀ ਸਾਹਾਂ ਵਾਲੀ ਬੱਚ ਕੇ ਚਲਾਈਏ ਬੱਚਿਓ
ਜਿੰਦ ਕੀਮਤੀ ਨਿਰੋਗੀ ਤਨ ਪਾਈਏ ਬੱਚਿਓ

ਤਨ ਜੇ ਨਿਰੋਗ ,ਮਨ ਰਹੇ ਖਿੜਿਆ
ਕਾਮਯਾਬੀ ਵਾਲਾ ਨਸ਼ਾ ਰਹੇ ਚੜ੍ਹਿਆ
ਖੇਡਾਂ ਤੇ ਪੜ੍ਹਾਈ ਵਾਲਾ ਮਾਣ ਪਾਈਏ ਬੱਚਿਓ
ਤਨ ਮਨ ਦੀ ਖੁਮਾਰੀ ਸਦਾ ਪਾਈਏ ਬੱਚਿਓ
ਯੋਗ ਹੈ ਅਰੋਗਤਾ ਦਾ ਖਜਾਨਾ ਵਡਮੁੱਲਾ
ਇਹ ਭੇਦ ਰਿਸ਼ੀਆਂ ਤੇ ਮੁਨੀਆਂ ਤੋਂ ਖੁੱਲ੍ਹਾ
ਡੂੰਘੇ ਭੇਦ ਨਾਲ ਇੱਕ-ਮਿਕ ਹੋ ਜਾਈਏ ਬੱਚਿਓ
ਆਓ ਸਾਰੇ ਯੋਗ ਦਿਵਸ ਮਨਾਈਏ ਬੱਚਿਓ ।

# ਸੰਪਾਦਕ ਦੇ ਨਾਮ ਖਤ

## ਫ਼ਰਜ਼ ਸਹੀ ਨਿਭਾਓ

ਆਪਣੇ ਅਧਿਕਾਰਾਂ ਦੀ ਗੱਲ ਤਾਂ ਹਰ ਕੋਈ ਹਰ ਵੇਲੇ ਕਰਦਾ ਰਹਿੰਦਾ ਹੈ, ਪਰ ਜ਼ਿਆਦਾਤਰ ਲੋਕ ਅਧਿਕਾਰਾਂ ਨੂੰ ਤਾਂ ਹਮੇਸ਼ਾਂ ਯਾਦ ਰੱਖਦੇ ਹਨ। ਪ੍ਰੰਤੂ ਆਪਣੇ ਬਣਦੇ ਫ਼ਰਜ਼ ਭੁੱਲ ਜਾਂਦੇ ਹਨ। ਬਹੁਤ ਸਾਰੇ ਸਰਕਾਰੀ ਦਫਤਰਾਂ ਵਿੱਚ ਆਮ ਹੀ ਵੇਖਿਆ ਜਾ ਸਕਦਾ ਹੈ ਕਿ ਬਹੁਤੇ ਮੁਲਾਜ਼ਮ ਅਤੇ ਅਧਿਕਾਰੀ ਦਫ਼ਤਰੀ ਸਮੇਂ ਤੋਂ ਅਕਸਰ ਹੀ ਕਾਫੀ ਜਿਆਦਾ ਦੇਰੀ ਨਾਲ ਦਫ਼ਤਰ ਆਉਂਦੇ ਹਨ। ਇਸ ਤੋਂ ਇਲਾਵਾ ਬਹੁਤੇ ਮੁਲਾਜ਼ਮ ਅਜਿਹੇ ਵੀ ਹਨ, ਜਿਹੜੇ ਜਿਆਦਾਤਰ ਦਫਤਰਾਂ ਵਿੱਚੋਂ ਫਰਲੋ ਮਾਰ ਕੇ ਆਪਣੇ ਨਿੱਜੀ ਕੰਮ ਕਰਦੇ ਰਹਿੰਦੇ ਹਨ। ਕਈ ਅਜਿਹੇ ਵੀ ਹਨ ਜਿਹੜੇ ਬਿਨਾ ਵਜ੍ਹਾਂ ਹੀ ਆਮ ਲੋਕਾਂ ਦੇ ਬਿਨਾਂ ਗੱਲੋਂ ਹੀ ਕਈ ਕਈ ਗੇੜੇ ਲਗਵਾਉਂਦੇ ਰਹਿੰਦੇ ਹਨ। ਇਸੇ ਕਾਰਨ ਹੀ ਆਮ ਲੋਕ ਸਾਰੀ ਉਮਰ ਲਈ ਦਫਤਰਾਂ ਦੇ ਚੱਕਰਾਂ ਵਿੱਚ ਬੁਰੀ ਤਰ੍ਹਾਂ ਫਸੇ ਰਹਿੰਦੇ ਹਨ। ਜਿਸ ਕਰਕੇ ਦੇਸ਼ ਦੀ ਤਰੱਕੀ ਵਿੱਚ ਵੀ ਵੱਡੀ ਰੁਕਾਵਟ ਆਉਂਦੀ ਹੈ। ਲੋੜ ਹੈ ਸਾਨੂੰ ਸਭ ਨੂੰ ਆਪੋ ਆਪਣੇ ਫਰਜ਼ ਸਹੀ ਨਿਭਾਉਂਦੇ ਹੋਏ ਸਮਾਜ ਦੀ ਬਿਹਤਰੀ ਲਈ ਕੰਮ ਕਰਨ ਦੀ।

ਅੰਗਰੇਜ਼ ਸਿੰਘ ਵਿੱਕੀ,
ਪਿੰਡ ਤੇ ਡਾਕ. ਕੋਟਗੁਰੂ, ਬਠਿੰਡਾ

# ਪੰਜਾਬੀ ਸਾਹਿਤ ਕਲਾ ਮੰਚ ਰਜਿ. ਮਾਨਸਾ ਵੱਲੋਂ ਸੱਤਵਾਂ ਕਵੀ ਸੰਮੇਲਨ ਸੁਨਾਮ 'ਚ 25 ਨੂੰ-,,,ਅਮਨਦੀਪ ਸ਼ਰਮਾ

## ਦੋ ਕਾਵਿ ਸੰਗ੍ਰਹਿ ਕੀਤੇ ਜਾਣਗੇ ਲੋਕ ਅਰਪਣ ,,,- ਬੱਛੋਆਣਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com




ਮਾਨਸਾ 21ਜੂਨ (ਆਤਮਾ ਸਿੰਘ ਪਮਾਰ) ਪੰਜਾਬੀ ਸਾਹਿਤ ਕਲਾ ਮੰਚ ਰਜਿ. ਮਾਨਸਾ ਵੱਲੋਂ ਪੰਜਾਬ ਭਰ 'ਚ ਕਵੀ ਸੰਮੇਲਨ ਕਰਵਾਏ ਜਾਣ ਲਈ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਸੇ ਕੜੀ ਤਹਿਤ ਮੰਚ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਸੁਨਾਮ ਵਿਖੇ ਸੱਤਵਾਂ ਕਵੀ ਸੰਮੇਲਨ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਇਸ ਸੰਮੇਲਨ ਦੌਰਾਨ ਮਾਨਸਾ, ਬਠਿੰਡਾ, ਸੰਗਰੂਰ ,ਰਤੀਆ ਤੋਂ ਕਵੀ ਸ਼ਿਰਕਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਵੀ ਸੰਮੇਲਨ ਦੌਰਾਨ ਉਭਰ ਰਹੇ ਕਵੀਆਂ ਦੇ ਦੋ ਕਾਵਿ ਸੰਗ੍ਰਹਿ ਵੀ ਲੋਕ ਅਰਪਣ ਕੀਤੇ ਜਾਣਗੇ। ਉਹਨਾਂ ਕਿਹਾ ਕਿ ਮੰਚ ਦਾ ਉਦੇਸ਼ ਪੰਜਾਬ ਭਰ ਵਿੱਚ ਨਵੇਂ ਕਵੀਆਂ ਨੂੰ ਉਭਾਰਨਾ ਅਤੇ ਕਵਿਤਾ ਦੇ ਖੇਤਰ ਨਾਲ ਜੋੜਨਾ ਹੈ। ਮੰਚ ਦੇ ਉਪ-ਪ੍ਰਧਾਨ ਰਜਿੰਦਰ ਵਰਮਾ ,ਜਨਰਲ ਸਕੱਤਰ ਗੁਰਜੰਟ ਸਿੰਘ ਬੱਛੋਆਣਾ, ਗੁਲਜਾਰ ਡੇਗਰਾ, ਪੁਜਾ ਪੁੰਡਰਕ, ਪਰਵੀਨ ਬਲਿਆਲ, ਰਾਜਵਿੰਦਰ ਸਿੰਘ ਖੱਤਰੀ ਵਾਲਾ, ਡਾ. ਰਾਮ ਸਿੰਘ ਨੇ ਦੱਸਿਆ ਕਿ ਮੰਚ ਦਾ ਮੁੱਖ ਦੇਸ਼ ਨਵੇਂ ਕਵੀਆਂ ਨੂੰ ਉਭਾਰਨਾ ਹੈ ਅਤੇ ਉਹਨਾਂ ਦੀਆਂ ਕਵਿਤਾਵਾਂ ਨੂੰ ਲੋਕਾਂ ਤੱਕ ਪਹੁੰਚਦਾ ਕਰਨਾ ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪਸਾਰ ਲਈ ਜਿੰਨੇਂ ਯਤਨ ਮੰਚ ਕਰ ਸਕਣ ਦੇ ਸਮਰੱਥ ਹੈ ਉਸ ਤੋਂ ਵੱਧ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਰਹੇਗਾ।

# ਪੰਜਾਬ ਸੰਭਾਲੋ ਅੰਦੋਲਨ ਤਹਿਤ ਪਾਰਟੀ ਸਰਗਰਮੀਆਂ ਤੇਜ਼, ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਦੀ ਪਲੇਠੀ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com



ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਅਵਤਾਰ ਸਿੰਘ ਕਰੀਮਪੁਰੀ ਜੀ ਪ੍ਰਧਾਨ ਬਸਪਾ ਪੰਜਾਬ ਵਲੋਂ ਵਿੱਢੇ ਗਏ ਪੰਜਾਬ ਸੰਭਾਲੋ ਅੰਦੋਲਨ ਤਹਿਤ ਪਾਰਟੀ ਸਰਗਰਮੀਆਂ ਤੇਜ਼ ਕਰਨ ਲਈ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਦੀ ਪਲੇਠੀ ਮੀਟਿੰਗ ਅਸ਼ੋਕ ਕਪਤਾਨ ਜ਼ਿਲ੍ਹਾ ਪ੍ਰਧਾਨ ਬਸਪਾ ਫਿਰੋਜ਼ਪੁਰ ਦੀ ਪ੍ਰਧਾਨਗੀ ਹੇਠ ਅੱਜ ਮਿਤੀ 21 ਜੂਨ 2025 ਨੂੰ ਜ਼ਿਲ੍ਹਾ ਦਫ਼ਤਰ ਵਿਖੇ ਹੋਈ। ਜਿਸ ਵਿਚ ਮਾਸਟਰ ਓਮ ਪ੍ਰਕਾਸ਼ ਸਰੋਏ ਤੇ ਸ ਲਾਲ ਸਿੰਘ ਸੁਲਹਾਣੀ ਦੋਵੇਂ ਜਨਰਲ ਸਕੱਤਰ ਬਸਪਾ ਪੰਜਾਬ ਤੇ ਇੰਚਾਰਜ ਫਿਰੋਜ਼ਪੁਰ ਜ਼ੋਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਬਸਪਾ ਦੀਆਂ ਗਤੀਵਿਧੀਆਂ ਨੂੰ ਘਰ ਘਰ ਪੁਚਾਉਣ ਲਈ ਜ਼ਿਲ੍ਹਾ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੀਟਿੰਗ ਵਿੱਚ ਸੁਖਦੇਵ ਸਿੰਘ ਭੱਟੀ ਜਨਰਲ ਸਕੱਤਰ, ਹਰਬੰਸ ਸਿੰਘ ਮੀਤ ਪ੍ਰਧਾਨ, ਮਾਸਟਰ ਪ੍ਰੇਮ ਭਾਰਤੀ ਖਜ਼ਾਨਚੀ, ਐਡਵੋਕੇਟ ਮਲਕੀਤ ਸਿੰਘ ਖੋਖਰ ਇੰਚਾਰਜ ਲੀਗਲ ਸੈੱਲ, ਕੁਲਦੀਪ ਸਿੰਘ ਬਰਾੜ ਕੋਆਰਡੀਨੇਟਰ, ਹਦਾਇਤ ਵਾਲਮੀਕਿ ਕੋਆਰਡੀਨੇਟਰ, ਤਾਰਾ ਸਿੰਘ ਮਾਰਸ਼ਲ ਕੋਆਰਡੀਨੇਟਰ, ਯੂਨਿਸ ਭੱਟੀ ਸਕੱਤਰ, ਸਰਬਣ ਸਿੰਘ ਪੀਰਾਂ ਵਾਲਾ ਸਾਬਕਾ ਸਰਪੰਚ, ਤਰਸੇਮ ਲਾਲ ਸਾਬਕਾ ਸਰਪੰਚ ਰੱਜੀ ਵਾਲਾ ਤੇ ਵਿਸ਼ਾਲ ਰੱਜੀ ਵਾਲਾ ਨੇ ਸ਼ਮੂਲੀਅਤ ਕੀਤੀ। ਸੰਗਠਨ ਨੂੰ ਚੁਸਤ ਦਰੁੱਸਤ ਕਰਨ ਅਤੇ ਪਾਰਟੀ ਸਰਗਰਮੀਆਂ ਤੇਜ਼ ਕਰਨ ਲਈ ਸੰਜੀਦਗੀ ਨਾਲ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਹਲਕਾ ਫਿਰੋਜ਼ਪੁਰ ਅਰਬਨ ਦੇ ਮੀਤ ਪ੍ਰਧਾਨ ਸਰਬਣ ਸਿੰਘ ਪੀਰਾਂ ਵਾਲਾ ਸਾਬਕਾ ਸਰਪੰਚ ਨੂੰ ਪਦ ਉੱਨਤ ਕਰਕੇ ਹਲਕਾ ਪ੍ਰਧਾਨ ਨਾਮਜ਼ਦ ਕੀਤਾ ਗਿਆ ਸੀਨੀਅਰ ਆਗੂਆਂ ਵਲੋਂ ਨਵ ਨਿਯੁਕਤ ਪ੍ਰਧਾਨ ਨੂੰ ਜੀ ਆਇਆਂ ਕਿਹਾ ਗਿਆ।

ਰਿਪੋਰਟ ਸੁਖਦੇਵ ਸਿੰਘ ਭੱਟੀ
ਜਨਰਲ ਸਕੱਤਰ
ਬਸਪਾ ਫਿਰੋਜ਼ਪੁਰ

# 24 ਜੂਨ ਨੂੰ ਖੇਤੀਬਾੜੀ ਯੂਨੀਵਰਸਿਟੀ ਦੇ ਸਾਹਮਣੇ ਮਹਾਂਪੰਚਾਇਤ ਦਾ ਆਯੋਜਨ ਕੀਤਾ ਜਾ ਰਿਹਾ ਹੈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com



ਰਤੀਆ/ਸੁਨੀਲ ਕੁਮਾਰ ਆਲ ਇੰਡੀਆ ਸਟੂਡੈਂਟ ਐਸੋਸੀਏਸ਼ਨ ਵੱਲੋਂ ਪ੍ਰੈਸ ਨੋਟ ਜਾਰੀ ਕੀਤਾ ਗਿਆ। ਪ੍ਰੈਸ ਨੋਟ ਜਾਰੀ ਕਰਦੇ ਹੋਏ, ਆਲ ਇੰਡੀਆ ਸਟੂਡੈਂਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਰਵੀ ਰਤੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਾਲ ਹੀ ਵਿੱਚ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਵਿੱਚ, ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਜੋ ਅਨੁਸੂਚਿਤ ਜਾਤੀ ਦੇ ਅਧੀਨ ਆਉਂਦੇ ਹਨ, ਸਰਕਾਰ ਵੱਲੋਂ ਸਕਾਲਰਸ਼ਿਪ ਦਿੱਤੀ ਜਾਂਦੀ ਹੈ ਪਰ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਦੀ ਸਕਾਲਰਸ਼ਿਪ ਵਿੱਚ ਕਟੌਤੀ ਕਰ ਦਿੱਤੀ ਗਈ। ਇਸ ਮੁੱਦੇ ਨੂੰ ਲੈ ਕੇ, ਵਿਦਿਆਰਥੀ ਆਪਣਾ ਮੰਗ ਪੱਤਰ ਦੇਣ ਲਈ ਵਾਈਸ ਚਾਂਸਲਰ ਨੂੰ ਮਿਲਣ ਲਈ ਸ਼ਾਂਤੀਪੂਰਵਕ ਬੀਸੀ ਦਫ਼ਤਰ ਗਏ ਸਨ ਪਰ ਯੂਨੀਵਰਸਿਟੀ ਪ੍ਰਸ਼ਾਸਨ, ਸੁਰੱਖਿਆ ਕਰਮਚਾਰੀਆਂ ਅਤੇ ਪ੍ਰੋਫੈਸਰਾਂ ਦੁਆਰਾ ਵਿਦਿਆਰਥੀਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਉਨ੍ਹਾਂ ਦੇ ਸਿਰ ਪਾੜ ਦਿੱਤੇ ਗਏ। ਇਹ ਬਹੁਤ ਹੀ ਨਿੰਦਣਯੋਗ ਘਟਨਾ ਸੀ। ਹਰਿਆਣਾ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਕੁੱਟਿਆ। ਇਸ ਤੋਂ ਪਤਾ ਲੱਗਦਾ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਜਨਰਲ ਡਾਇਰ ਵਾਂਗ ਵਿਦਿਆਰਥੀਆਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦਾ ਹੈ ਪਰ ਵਿਦਿਆਰਥੀ ਹੀ ਸ਼ਕਤੀ ਹਨ, ਵਿਦਿਆਰਥੀਆਂ ਦੀ ਆਵਾਜ਼ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ। ਆਲ ਇੰਡੀਆ ਸਟੂਡੈਂਟ ਐਸੋਸੀਏਸ਼ਨ ਲਗਾਤਾਰ ਵਿਦਿਆਰਥੀਆਂ ਦੇ ਸੰਪਰਕ ਵਿੱਚ ਹੈ। ਪਹਿਲਾਂ ਵੀ ਅਸੀਂ ਯੂਨੀਅਨ ਵੱਲੋਂ ਵਿਦਿਆਰਥੀਆਂ ਦਾ ਸਮਰਥਨ ਕੀਤਾ ਸੀ। ਪਰ ਹੁਣ ਵਿਦਿਆਰਥੀਆਂ ਵੱਲੋਂ 24 ਜੂਨ ਨੂੰ ਖੇਤੀਬਾੜੀ ਯੂਨੀਵਰਸਿਟੀ ਦੇ ਗੇਟ ਦੇ ਸਾਹਮਣੇ ਇੱਕ ਵਿਦਿਆਰਥੀ ਮਹਾਂਪੰਚਾਇਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਆਲ ਇੰਡੀਆ ਸਟੂਡੈਂਟ ਐਸੋਸੀਏਸ਼ਨ ਇਸ ਵਿਦਿਆਰਥੀ ਮਹਾਂਪੰਚਾਇਤ ਦਾ ਪੂਰਾ ਸਮਰਥਨ ਕਰਦੀ ਹੈ ਅਤੇ ਸਾਰੇ ਕਾਰਕੁਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ 24 ਜੂਨ ਨੂੰ ਇਸ ਪੰਚਾਇਤ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਵਿਦਿਆਰਥੀਆਂ ਦਾ ਸਮਰਥਨ ਕਰਨ ਤਾਂ ਜੋ ਦੋਸ਼ੀ ਵਾਈਸ ਚਾਂਸਲਰ ਪ੍ਰਸ਼ਾਸਨ 'ਤੇ ਮੁਕੱਦਮਾ ਚਲਾਇਆ ਜਾਵੇ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਵਿੱਚ ਕਟੌਤੀਆਂ ਨੂੰ ਬਹਾਲ ਕੀਤਾ ਜਾਵੇ।

# ਸੀ.ਐਮ. ਦੀ ਯੋਗਸ਼ਾਲਾ ਤਹਿਤ ਲੋਕਾਂ ਨੂੰ ਯੋਗਾ ਨਾਲ ਜੋੜਨਾ ਸਰਕਾਰ ਦਾ ਸ਼ਲਾਘਾਯੋਗ ਉਪਰਾਲਾ- ਡਾ. ਵਿਜੈ ਸਿੰਗਲਾ

**-ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਯੋਗਾ ਨੂੰ ਰੋਜ਼ਾਨਾ ਜ਼ਿੰਦਗੀ 'ਚ ਸ਼ਾਮਿਲ ਕਰਨਾ ਜ਼ਰੂਰੀ,,- ਡਿਪਟੀ ਕਮਿਸ਼ਨਰ**

**- ਸੈਂਟਰਲ ਪਾਰਕ ਵਿਖੇ ਮਨਾਇਆ ਜ਼ਿਲ੍ਹਾ ਪੱਧਰੀ ਅੰਤਰਰਾਸ਼ਟਰੀ ਯੋਗ ਦਿਵਸ,,**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com



ਮਾਨਸਾ, 21 ਜੂਨ: (ਆਤਮਾ ਸਿੰਘ ਪਮਾਰ) ਲੋਕਾਂ ਨੂੰ ਤੰਦਰੁਸਤ ਰੱਖਣ ਅਤ ਸਿਹਤਮੰਦ ਪੰਜਾਬ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਸੀ.ਐਮ.ਦੀ ਯੋਗਸ਼ਾਲਾ ਤਹਿਤ ਲੱਗਣ ਵਾਲੀਆਂ ਯੋਗਾਂ ਦੀਆਂ ਮੁਫ਼ਤ ਕਲਾਸਾਂ ਲੋਕਾਂ ਲਈ ਕਾਫ਼ੀ ਲਾਹੇਵੰਦ ਸਾਬਤ ਹੋ ਰਹੀਆਂ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਮਾਨਸਾ ਜ਼ਿਲ੍ਹੇ ਦੇ ਲੋਕ ਇਨ੍ਹਾਂ ਯੋਗ ਕਲਾਸਾਂ ਦਾ ਲਾਹਾ ਲੈ ਰਹੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਸਥਾਨਕ ਸੈਂਟਰਲ ਪਾਰਕ ਵਿਖੇ ਮਨਾਏ ਜਾ ਰਹੇ ਜ਼ਿਲ੍ਹਾ ਪੱਧਰੀ 11ਵੇਂ ਅੰਤਰ-ਰਾਸ਼ਟਰੀ ਯੋਗਾ ਦਿਵਸ ਮੌਕੇ ਕੀਤਾ। ਇਹ ਸਮਾਗਮ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੁਰਵੇਦ ਵਿਭਾਗ ਅਤੇ ਸੀ.ਐਮ.ਦੀ ਯੋਗਸ਼ਾਲਾ ਟੀਮ ਦੇ ਸਹਿਯੋਗ ਨਾਲ ਮਨਾਇਆ ਗਿਆ।

ਉਨ੍ਹਾਂ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਪੰਜਾਬ ਸਰਕਾਰ ਦਾ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਵੱਡੀ ਗਿਣਤੀ ਵਿੱਚ ਨੌਜਵਾਨ, ਬੱਚੇ, ਬਜ਼ੁਰਗ ਅਤੇ ਔਰਤਾਂ ਜੁੜ ਰਹੇ ਹਨ ਅਤੇ ਖੁਦ ਨੂੰ ਤੰਦਰੁਸਤ ਅਤੇ ਰੋਗ ਮੁਕਤ ਰੱਖਣ ਵਿੱਚ ਸਫ਼ਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਜਲਦ ਹੀ ਮਾਨਸਾ ਬਲਾਕ ਵਿਖੇ 7 ਤੋਂ 12 ਹੋਰ ਟ੍ਰੇਨਰ ਨਿਯੁਕਤ ਕੀਤੇ ਜਾਣਗੇ, ਤਾਂ ਜੋ ਹਰ ਗਲੀ, ਮੁਹੱਲੇ ਅਤੇ ਸ਼ਹਿਰ ਵਿੱਚ ਯੋਗਾਂ ਦੀਆਂ ਕਲਾਸਾਂ ਨਿਰਵਿਘਨਤਾ ਅਤੇ ਸਫ਼ਲਤਾਪੂਰਵਕ ਚਲਾਈਆਂ ਜਾ ਸਕਣ।

ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਆਈ.ਏ.ਐਸ. ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਯੋਗਾ ਨੂੰ ਜ਼ਰੂਰ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਯੋਗਾ ਨਾਲ ਅਸੀਂ ਮਾਨਸਿਕ ਅਤੇ ਸਰੀਰਕ ਤੌਰ ਤੇ ਤੰਦਰੁਸਤ ਰਹਿੰਦੇ ਹਾਂ ਅਤੇ ਖੁਦ ਨੂੰ ਤਰੋਤਾਜ਼ਾ ਮਹਿਸੂਸ ਕਰਦੇ ਹਾਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ.ਐਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਅੰਦਰ ਮੁਫ਼ਤ ਯੋਗਾ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਮਾਹਿਰ ਟ੍ਰੇਨਰਾਂ ਵੱਲੋਂ ਲੋਕਾਂ ਨੂੰ ਯੋਗਾ ਦੇ ਆਸਣਾਂ, ਉਨ੍ਹਾਂ ਦੇ ਮਹੱਤਵ ਅਤੇ ਮਨੁੱਖੀ ਸਰੀਰ ਨੂੰ ਹੋਣ ਵਾਲੇ ਲਾਭਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਇਸ ਦੌਰਾਨ ਯੋਗਾ ਟ੍ਰੇਨਰ ਸੀਤਾ ਸੇਮਵਾਲ ਅਤੇ ਮੰਜੂ ਰਾਣੀ ਵੱਲੋਂ ਯੋਗਾ ਦੇ ਆਸਨ ਕਰਵਾਏ ਅਤੇ ਵਿਸਥਾਰ ਨਾਲ ਉਨ੍ਹਾਂ ਸਬੰਧੀ ਜਾਣਕਾਰੀ ਵੀ ਦਿੱਤੀ। ਐਸ.ਡੀ. ਕੰਨਿਆ ਮਹਾਂਵਿਦਿਆਲਿਆ ਦੀਆਂ ਵਿਦਿਆਰਥਣਾਂ ਵੱਲੋਂ ਯੋਗਾ ਸਬੰਧੀ ਸ਼ਾਨਦਾਰ ਕੋਰਿਓਗ੍ਰਾਫ਼ੀ ਪੇਸ਼ ਕੀਤੀ ਗਈ। ਮਨਾਏ ਗਏ 11ਵੇਂ ਅੰਤਰ-ਰਾਸ਼ਟਰੀ ਯੋਗਾ ਦਿਵਸ ਮੌਕੇ ਵੱਡੀ ਗਿਣਤੀ ਲੋਕਾਂ ਵੱਲੋਂ ਯੋਗਾ ਪ੍ਰਤੀ ਉਤਸ਼ਾਹ ਵੇਖਣ ਨੂੰ ਮਿਲਿਆ। ਯੋਗਾ ਕਲਾਸਾਂ ਲਈ ਟੋਲ ਫਰੀ ਨੰਬਰ 76694-00500 ਜਾਂ https://cmdiyogshala.punjab.gov.in 'ਤੇ ਵੀ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਇਸ ਦੌਰਾਨ ਹਾਜ਼ਰੀਨ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਇਸ ਮੌਕੇ ਐਸ.ਡੀ.ਐਮ. ਸ਼੍ਰੀ ਕਾਲਾ ਰਾਮ ਕਾਂਸਲ, ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਡਾ. ਨਮਿਤਾ ਗਰਗ, ਕੋਆਰਡੀਨੇਟਰ ਸੀ.ਐਮ. ਦੀ ਯੋਗਸ਼ਾਲਾ ਰਮਨਦੀਪ ਕੌਰ, ਸਹਾਇਕ ਸਿਵਲ ਸਰਜਨ ਡਾ. ਰਵਿੰਦਰ ਪਾਲ ਸਿੰਗਲਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਮਯੰਕ, ਦੋਵੇਂ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਦਨ ਲਾਲ ਕਟਾਰੀਆ ਅਤੇ ਡਾ.ਪਰਮਜੀਤ ਸਿੰਘ ਭੋਗਲ, ਈ.ਓ. ਬਲਵਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਮੁਲਾਜ਼ਮ ਅਤੇ ਵੱਡੀ ਗਿਣਤੀ ਵਿੱਚ ਮਾਨਸਾ ਸ਼ਹਿਰ ਨਿਵਾਸੀਆਂ ਤੋਂ ਇਲਾਵਾ ਇਲਾਕੇ ਦੇ ਲੋਕ ਵੀ ਹਾਜ਼ਰ ਸਨ।

# ਬਖਸ਼ੀਵਾਲਾ ਸਕੂਲ ਦੇ ਬੱਚਿਆਂ ਨੇ 11ਵਾਂ ਅੰਤਰਾਸ਼ਟਰੀ ਯੋਗ ਦਿਵਸ ਮਨਾਇਆ

"Equality and justice"
Patiala 21 June
INTERNATIONAL PAPER, 94636 01616
hardipchumber57@gmail.com




ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਅੱਜ ਸਰਕਾਰੀ ਐਲੀਮੈਂਟਰੀ ਸਕੂਲ ਬਖਸ਼ੀਵਾਲਾ ਵਿਖੇ ਇਸ ਵਾਰ 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਥੀਮ ਹੇਠ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਯੋਗ ਇੰਸਟਰਕਟਰ ਜਸ਼ਨਜੋਤ ਕੌਰ (AHWC) ਦੁਆਰਾ ਵਿਦਿਆਰਥੀਆਂ ਨੂੰ ਯੋਗ ਆਸਣ ਕਰਵਾਏ ਗਏ । ਹਰਵਿੰਦਰ ਸਿੰਘ ਸੀ.ਐਚ.ਟੀ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਯੋਗ ਹੁਣ ਅੰਤਰਰਾਸ਼ਟਰੀ ਤਿਉਹਾਰ ਬਣ ਗਿਆ ਹੈ, ਰੋਜਾਨਾ 20 ਤੋਂ 30 ਮਿੰਟ ਯੋਗ ਕਰਨ ਨਾਲ ਜਿੱਥੇ ਅਸੀਂ ਮਾਨਸਿਕ ਤਣਾਓ-ਮੁਕਤ ਹੁੰਦੇ ਹਾਂ, ਨਾਲ ਹੀ ਮਾਸਪੇਸ਼ੀਆਂ ਮਜਬੂਤ ਹੁੰਦੀਆਂ ਹਨ, ਸਰੀਰਕ ਤੰਦਰੁਸਤੀ ਆਉਂਦੀ ਹੈ, ਉੱਥੇ ਇਹ ਸਾਡੇ ਸਰੀਰ ਨੂੰ ਰੋਗ-ਮੁਕਤ ਜੀਵਨ ਪ੍ਰਦਾਨ ਕਰਦਾ ਹੈ। ਕਿਉਂਕਿ ਤੰਦਰੁਸਤ ਸਰੀਰ ਨਾਲ ਹੀ ਨਰੋਏ ਸਮਾਜ ਦੀ ਸਿਰਜਣਾ ਹੁੰਦੀ ਹੈ। ਅੰਤ ਵਿੱਚ ਸਮੂਹ ਸਕੂਲ ਸਟਾਫ ਬਖਸ਼ੀਵਾਲਾ ਵੱਲੋਂ ਮੈਡਮ ਜਸਜਨੋਤ ਕੌਰ ਦਾ ਸਕੂਲ ਵਿਖੇ ਪਹੁੰਚਣ ਤੇ ਧੰਨਵਾਦ ਕੀਤਾ ਗਿਆ

# ਦੜੇ ਸੱਟੇ ਦਾ ਕਾਰੋਬਾਰ ਜ਼ੋਰਾਂ 'ਤੇ, ਵੱਡੀਆਂ ਮੱਛੀਆਂ ਫੜਨ 'ਚ ਪੁਲਿਸ ਨਾਕਾਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਬੀਤੇ ਦਿਨੀ ਸੁਰਖੀਆਂ ਵਿੱਚ ਆਈ ਖਬਰ ਜਗਰਾਉਂ ਅੰਦਰ ਚੱਲ ਰਹੇ ਦੜੇ ਸੱਟੇ ਦੇ ਕਾਰੋਬਾਰ ਬਾਰੇ ਭਾਵੇਂ ਪੁਲਿਸ ਚੁਕੰਨੀ ਹੋ ਗਈ ਹੈ। ਪਰ ਪੁਲਿਸ ਵੱਲੋਂ ਬਹੁਤ ਛੋਟੇ ਪੱਧਰ ਤੇ ਦੜਾ ਸੱਟਾ ਕਰਨ ਵਾਲੇ ਦੋ ਖਾਈ ਵਾਲਾਂ ਨੂੰ ਕਾਬੂ ਕਰਕੇ ਆਪਣੀ ਪਿੱਠ ਥਾਪੜਨ ਦਾ ਹੀ ਢਕਵੰਜ ਕੀਤਾ ਜਾ ਰਿਹਾ ਹੈ। ਕਿਉਂਕਿ ਖਬਰ ਮੁਤਾਬਕ ਜਿਹੜੇ ਸੱਟੇ ਅਤੇ ਜੂਏ ਦੇ ਅੱਡੇ ਜਗਰਾਉਂ ਵਿੱਚ ਚੱਲ ਰਹੇ ਹਨ।

# ਲੜਕੀ ਇਕ, ਬਣਾਏ ਜਾਤੀ ਪ੍ਰਮਾਣ ਪੱਤਰ SC, ST, OBC... ਦੇ ਤਿੰਨ!

## ਉੱਤਰ ਪ੍ਰਦੇਸ਼ ਦੇ ਬਦਾਊਂ ਜ਼ਿਲ੍ਹੇ ਵਿੱਚ, ਇੱਕ ਕੁੜੀ ਨੇ VDO ਭਰਤੀ ਵਿੱਚ ਰਾਖਵੇਂਕਰਨ ਦਾ ਲਾਭ ਲੈਣ ਲਈ SC, ST ਅਤੇ OBC - ਤਿੰਨੋਂ ਜਾਤੀਆਂ - ਦੇ ਜਾਅਲੀ ਸਰਟੀਫਿਕੇਟ ਬਣਾਏ। ਸਾਬਕਾ ਪ੍ਰੇਮੀ ਦੇ ਖੁਲਾਸੇ ਤੋਂ ਬਾਅਦ FIR ਦਰਜ, ਤਹਿਸੀਲ ਅਧਿਕਾਰੀ ਵੀ ਜਾਂਚ ਵਿੱਚ ਫਸੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਬਦਾਊਂ ਰਿਜ਼ਰਵੇਸ਼ਨ ਘੁਟਾਲਾ: ਉੱਤਰ ਪ੍ਰਦੇਸ਼ ਦੇ ਬਦਾਊਂ ਜ਼ਿਲ੍ਹੇ ਤੋਂ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਕੁੜੀ ਨੇ ਰਾਖਵੇਂਕਰਨ ਦਾ ਲਾਭ ਲੈਣ ਲਈ ਤਿੰਨ ਵੱਖ-ਵੱਖ ਜਾਤੀਆਂ ਦੇ ਜਾਅਲੀ ਸਰਟੀਫਿਕੇਟ ਬਣਾਏ। ਦੋਸ਼ ਹੈ ਕਿ ਕੁੜੀ ਨੇ ਦਾਤਾਗੰਜ ਤਹਿਸੀਲ ਤੋਂ ਜਾਰੀ ਤਿੰਨੋਂ ਸ਼੍ਰੇਣੀਆਂ - ST, SC ਅਤੇ OBC - ਦੇ ਸਰਟੀਫਿਕੇਟ ਪ੍ਰਾਪਤ ਕੀਤੇ ਅਤੇ ਉਨ੍ਹਾਂ ਨੂੰ VDO (ਗ੍ਰਾਮ ਵਿਕਾਸ ਅਧਿਕਾਰੀ) ਭਰਤੀ ਪ੍ਰੀਖਿਆ ਵਿੱਚ ਵਰਤਿਆ।

### ਮਾਮਲਾ ਕਿੱਥੋਂ ਸ਼ੁਰੂ ਹੋਇਆ?

ਬਦਾਊਂ ਦੀ ਉਸੀਹਾਟ




ਤਹਿਸੀਲ ਦੇ ਨਰਪਤ ਨਗਲਾ ਪਿੰਡ ਦੀ ਇੱਕ ਕੁੜੀ ਪ੍ਰੀਤੀ ਨੇ VDO ਭਰਤੀ ਲਈ ਅਰਜ਼ੀ ਦਿੱਤੀ ਸੀ। ਪਰ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਉਸਦੇ ਸਾਬਕਾ ਪ੍ਰੇਮੀ ਨੇ ਸੱਚਾਈ ਦਾ ਪਰਦਾਫਾਸ਼ ਕੀਤਾ ਅਤੇ ਉਸਵਾਨ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਦਰਜ ਕਰਵਾਈ।

### ਮੁਲਜ਼ਮਾਂ ਦੀ ਸੂਚੀ ਵਿੱਚ ਪਰਿਵਾਰ ਵੀ ਸ਼ਾਮਲ ਹੈ

ਐਫਆਈਆਰ ਵਿੱਚ ਪ੍ਰੀਤੀ, ਉਸਦੇ ਪਿਤਾ, ਭਰਾ ਅਤੇ ਦੋ ਹੋਰਾਂ ਦੇ ਨਾਮ ਸ਼ਾਮਲ ਹਨ। ਦੋਸ਼ ਹੈ ਕਿ ਤਹਿਸੀਲ ਪ੍ਰਸ਼ਾਸਨ ਦੇ ਕੁਝ ਅਧਿਕਾਰੀਆਂ ਦੀ ਵੀ ਪੂਰੀ ਧੋਖਾਧੜੀ ਨੂੰ ਅੰਜਾਮ ਦੇਣ ਵਿੱਚ ਭੂਮਿਕਾ ਹੋ ਸਕਦੀ ਹੈ।

ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਇੱਕੋ ਵਿਅਕਤੀ ਨੂੰ ਵੱਖ-ਵੱਖ ਸ਼੍ਰੇਣੀਆਂ ਦੇ ਸਰਟੀਫਿਕੇਟ ਕਿਵੇਂ ਮਿਲੇ? ਕੀ ਤਹਿਸੀਲ ਪੱਧਰ 'ਤੇ ਜਾਂਚ ਤੋਂ ਬਿਨਾਂ ਜਾਤੀ ਸਰਟੀਫਿਕੇਟ ਜਾਰੀ ਕੀਤੇ ਗਏ ਹਨ?

### ਪ੍ਰਸ਼ਾਸਨ ਜਾਂਚ ਦੇ ਘੇਰੇ ਵਿੱਚ ਹੈ

ਇਸ ਘੁਟਾਲੇ ਦੇ ਪਰਦਾਫਾਸ਼ ਤੋਂ ਬਾਅਦ, ਦਾਤਾਗੰਜ ਤਹਿਸੀਲ ਦੇ ਅਧਿਕਾਰੀਆਂ ਦੀ ਭੂਮਿਕਾ ਜਾਂਚ ਦੇ ਘੇਰੇ ਵਿੱਚ ਆ ਗਈ ਹੈ। ਜੇਕਰ ਜਾਂਚ ਅੱਗੇ ਵਧਦੀ ਹੈ, ਤਾਂ ਕਈ ਮਾਲ ਅਤੇ ਲੇਖਾਕਾਰ ਅਧਿਕਾਰੀਆਂ, ਜਾਤੀ ਸਰਟੀਫਿਕੇਟ ਤਸਦੀਕ ਕਮੇਟੀ ਅਤੇ ਸੰਭਵ ਤੌਰ 'ਤੇ ਕੁਝ ਭ੍ਰਿਸ਼ਟ ਕਰਮਚਾਰੀਆਂ ਦੇ ਨਾਮ ਵੀ ਸਾਹਮਣੇ ਆ ਸਕਦੇ ਹਨ।

ਇਹ ਮਾਮਲਾ ਨਾ ਸਿਰਫ਼ ਇੱਕ ਵਿਅਕਤੀ ਦਾ ਅਪਰਾਧ ਹੈ, ਸਗੋਂ ਪ੍ਰਸ਼ਾਸਨਿਕ ਲਾਪਰਵਾਹੀ ਅਤੇ ਪ੍ਰਣਾਲੀ ਦੀ ਕਮਜ਼ੋਰੀ ਨੂੰ ਵੀ ਉਜਾਗਰ ਕਰਦਾ ਹੈ। ਜੇਕਰ ਸਮੇਂ ਸਿਰ ਸਖ਼ਤ ਕਦਮ ਨਾ ਚੁੱਕੇ ਗਏ, ਤਾਂ ਅਜਿਹੇ ਮਾਮਲੇ ਨਾ ਸਿਰਫ਼ ਭਰਤੀ ਪ੍ਰਣਾਲੀ ਨੂੰ ਭ੍ਰਿਸ਼ਟ ਕਰਨਗੇ, ਸਗੋਂ ਰਾਖਵੇਂਕਰਨ ਦੀ ਭਰੋਸੇਯੋਗਤਾ ਨੂੰ ਵੀ ਢਾਹ ਲਗਾਉਣਗੇ।

# UK ਅਧਾਰਤ ਧਰਮਾ ਸੰਧੂ ਦੀ ਅਗਵਾਈ ਵਾਲੇ BKI ਟੈਰਰ ਮਾਡਿਊਲ ਦਾ AMRITSAR ਵਿੱਚ ਪਰਦਾਫਾਸ਼; ਛੇ ਅਤਿ-ਆਧੁਨਿਕ ਪਿਸਤੌਲਾਂ ਸਮੇਤ ਇੱਕ ਗ੍ਰਿਫ਼ਤਾਰ

## ਪਾਕਿਸਤਾਨ-ਅਧਾਰਤ ਅੱਤਵਾਦੀ ਹਰਵਿੰਦਰ ਰਿੰਦਾ ਦਾ ਕਰੀਬੀ ਸਾਥੀ ਹੈ ਧਰਮਾ ਸੰਧੂ: ਡੀਜੀਪੀ ਗੌਰਵ ਯਾਦਵ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਯੂਕੇ-ਅਧਾਰਤ ਹੈਂਡਲਰ ਧਰਮ ਸਿੰਘ ਉਰਫ਼ ਧਰਮਾ ਸੰਧੂ ਵੱਲੋਂ ਚਲਾਏ ਜਾ ਰਹੇ ਪਾਕਿਸਤਾਨ-ਸਮਰਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਟੈਰਰ ਮਾਡਿਊਲ ਦੇ ਇੱਕ ਸਥਾਨਕ ਕਾਰਕੁੰਨ ਨੂੰ ਛੇ ਅਤਿ-ਆਧੁਨਿਕ ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫਤਾਰ ਕਰਕੇ, ਇਸ ਮਾਡਿਊਲ ਨੂੰ ਨੇਸਤ-ਏ-ਨਾਬੂਤ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ




ਮੁਲਜ਼ਮ ਦੀ ਪਛਾਣ ਓਂਕਾਰ ਸਿੰਘ ਉਰਫ਼ ਨਵਾਬ ਵਜੋਂ ਹੋਈ ਹੈ, ਜੋ ਅੰਮ੍ਰਿਤਸਰ ਦੇ ਪਿੰਡ ਜਲਾਲਉਸਮਾ ਦਾ ਰਹਿਣ ਵਾਲਾ ਹੈ। ਉਕਤ ਮੁਲਜ਼ਮ ਕੋਲੋਂ ਭਾਰਤ-ਪਾਕਿਸਤਾਨ ਸਰਹੱਦ ਪਾਰੋਂ ਡਰੋਨ ਰਾਹੀਂ ਤਸਕਰੀ ਕੀਤੇ ਗਏ, ਚਾਰ 9 ਐਮਐਮ ਗਲੌਕ ਪਿਸਤੌਲ ਅਤੇ ਦੋ .30 ਬੋਰ ਪੀਐਕਸ5 ਪਿਸਤੌਲ ਬਰਾਮਦ ਕੀਤੀ ਗਏ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਉਕਤ ਮਾਡਿਊਲ ਚਲਾ ਰਿਹਾ ਵਿਦੇਸ਼ੀ ਹੈਂਡਲਰ ਧਰਮ ਸਿੰਘ ਉਰਫ਼ ਧਰਮਾ ਸੰਧੂ, ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਸਿੰਘ ਉਰਫ਼ ਰਿੰਦਾ ਦਾ ਨਜ਼ਦੀਕੀ ਸਾਥੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਅਤੇ ਇਸ ਵੱਡੇ ਨੈੱਟਵਰਕ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪੁਖ਼ਤਾ ਇਤਲਾਹ ਅਤੇ ਪੂਰਨ ਤਾਲਮੇਲ ਤੋਂ ਬਾਅਦ ਇਹ ਗ੍ਰਿਫ਼ਤਾਰੀ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ, "ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਕਿ ਹਥਿਆਰ ਡਰੋਨ ਰਾਹੀਂ ਪਹੁੰਚਾਏ ਗਏ ਸਨ ਅਤੇ ਦਹਿਸ਼ਤੀ ਗਤੀਵਿਧੀਆਂ ਅੰਜਾਮ ਦੇਣ ਵਰਤੇ ਜਾਣੇ ਸਨ,"।

ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਕਾਬੂ ਕੀਤਾ ਮੁਲਜ਼ਮ ਓਂਕਾਰ, ਵਿਦੇਸ਼ੀ ਹੈਂਡਲਰਾਂ ਵੱਲੋਂ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਸਰਗਰਮ ਕੀਤੇ ਗਏ ਸਲੀਪਰ ਸੈੱਲ ਦਾ ਹਿੱਸਾ ਸੀ। ਕਮਿਸ਼ਨਰ ਨੇ ਕਿਹਾ, "ਇਹ ਹਥਿਆਰ ਸੂਬੇ ਵਿੱਚ ਮਿੱਥ ਕੇ ਕੀਤੇ ਜਾਣ ਵਾਲੇ ਕਤਲਾਂ ਅਤੇ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਸਥਾਨਕ ਕਾਰਕੰੁਨਾਂ ਵਿੱਚ ਵੰਡੇ ਜਾਣੇ ਸਨ। ਅਸੀਂ ਪੂਰੇ ਨੈੱਟਵਰਕ ਅਤੇ ਇਸ ਨਾਲ ਜੁੜੀਆਂ ਅੰਤਰਰਾਸ਼ਟਰੀ ਕੜੀਆਂ ਦਾ ਪਰਦਾਫਾਸ਼ ਕਰਨ ਲਈ ਯਤਨਸ਼ੀਲ ਹਾਂ"। ਇਸ ਸਬੰਧੀ ਹੋਰ ਸਾਥੀਆਂ ਅਤੇ ਹੈਂਡਲਰਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।

ਇਸ ਸਬੰਧੀ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਮਕਬੂਲਪੁਰਾ ਵਿਖੇ ਅਸਲਾ ਐਕਟ ਦੀ ਧਾਰਾ 25 ਦੇ ਤਹਿਤ ਐਫਆਈਆਰ ਨੰਬਰ 121 ਮਿਤੀ 21-06-2025 ਅਧੀਨ ਕੇਸ ਦਰਜ ਕੀਤਾ ਗਿਆ ਹੈ।

# ਭਗਵੰਤ ਮਾਨ ਨੇ ਮੜੌਲੀ ਵਿਖੇ ਪਹੁੰਚ ਕੇ ਟਿਊਬਵੈਲਾਂ ਨੂੰ ਚਲਦੀ ਬਿਜਲੀ ਦਾ ਲਿਆ ਜਾਇਜ਼ਾ

## ਧਾਨ ਦੀ ਬਿਜਾਈ ਲਈ ਬਿਜਲੀ ਦੀ ਸਪਲਾਈ ਨਿਰਵਿਘਨ ਜਾਰੀ ਰਹੇਗੀ - ਭਗਵੰਤ ਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਮੋਰਿੰਡਾ 21 ਜੂਨ ( ਪਤਰ ਪ੍ਰੇਰਕ)ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਧਾਨ ਦੀ ਬਿਜਾਈ ਨੂੰ ਮੁੱਖ ਰੱਖਦਿਆਂ ਅਜ ਮੋਰਿੰਡਾ ਨੇੜੇ ਪਿੰਡ ਮੜੌਲੀ ਕਲਾਂ ਵਿਖੇ ਆਮ ਕਿਸਾਨਾਂ ਦੀਆਂ ਮੋਟਰਾਂ ਤੇ ਜਾ ਕੇ ਬਿਜਲੀ ਸਪਲਾਈ ਦੀ ਚੈਕਿੰਗ ਕੀਤੀ। ਜਦੋਂ ਭਗਵੰਤ ਸਿੰਘ ਮਾਨ ਟਿਉਵੈਲ ਤੇ ਪਹੁੰਚੇ ਤਾਂ ਮੋਟਰਾਂ ਚਲ ਰਹੀਆਂ ਸਨ। ਇਸ ਤੇ ਖੁਸੀ ਜ਼ਾਹਿਰ ਕਰਦਿਆਂ ਉਹਨਾਂ ਆਖਿਆ ਕਿ ਹੁਣ ਕਿਸਾਨਾਂ ਨੂੰ ਰਾਤਾਂ ਨੂੰ ਬਿਜਲੀ ਦਾ ਇੰਤਜ਼ਾਰ ਕਰਨ ਦੀ ਲੋੜ ਨਹੀਂ ਕਿਉਂਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਦਿਨ ਵਿੱਚ ਹੀ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਸੂਬੇ ਵਿੱਚ ਲਗਾਤਾਰ ਬਿਜਲੀ ਸਪਲਾਈ ਚੱਲਦੀ ਹੈ, ਕਿਸਾਨਾਂ ਨੂੰ ਬੱਲਬ ਜਗਣ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਦਾ



ਬੱਲਬ ਹੁਣ ਜਗ੍ਹ ਗਿਆ ਹੈ। ਮੁੱਖ ਮੰਤਰੀ ਪੰਜਾਬ ਨੇ ਕਿਹਾ ਕਿ ਮੇਰੀ ਕਿਸਾਨਾਂ ਨਾਲ ਗੱਲਬਾਤ ਹੋਈ ਹੈ ਜਿਨ੍ਹਾਂ ਨੇ ਮੈਨੂੰ ਦੱਸਿਆ ਕਿ ਹੁਣ ਉਹ ਦਿਨ ਵਿੱਚ ਮੋਟਰ ਚਲਾ ਕੇ ਰਾਤ ਸਮੇਂ ਬੰਦ ਕਰਕੇ ਅਪਣੇ ਘਰ ਚਲੇ ਜਾਂਦੇ ਹਨ। ਯੁੱਧ ਨਸ਼ਿਆਂ ਵਿੑੁਰੁਧ ਚਲਾਈ ਮੁਹਿੰਮ ਨੂੰ ਮਿਲੇ ਭਰਪੂਰ ਸਮਰਥਨ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਭ ਜਨਤਾ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ। ਲੁਧਿਆਣਾ ਜ਼ਿਮਨੀ ਚੋਣ ਦੇ ਕੀਤੇ ਸਵਾਲ ਨੂੰ ਹੱਸ ਕੇ ਟਾਲਦਿਆਂ ਸ. ਮਾਨ ਨੇ ਕਿਹਾ ਕਿ ਸਭ ਕੁਝ ਤੁਹਾਡੇ ਸਾਹਮਣੇ ਆ ਜਾਣਾ। ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਲਗਭੱਗ ਇੱਕ ਘੰਟਾ ਪਿੰਡ ਮੜ੍ਹੋਲੀ ਖੁਰਦ ਦੇ ਕਿਸਾਨ ਦੇ ਖੇਤਾਂ ਵਿੱਚ ਬਣੀ ਮੋਟਰ ਤੇ ਰੁਕੇ ਕਿਸਾਨਾਂ ਅਤੇ ਪਤਵੰਤਿਆਂ ਨਾਲ ਗੱਲਬਾਤ ਕਰਨ ਉਪਰੰਤ ਉਹ ਅਪਣੇ ਅਗਲੇ ਪੜਾਅ ਲਈ ਰਵਾਨਾ ਹੋ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਡਾ. ਚਰਨਜੀਤ ਸਿੰਘ ਹਲਕਾ ਵਿਧਾਇਕ ਨੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦਾ ਉਨ੍ਹਾਂ ਦੇ ਹਲਕੇ ਵਿੱਚ ਅਚਨਚੇਤ ਰੁਕਣ ਅਤੇ ਆਮ ਲੋਕਾਂ ਨਾਲ ਗੱਲਬਾਤ ਕਰਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਜਿੱਥੇ ਕਿਸਾਨ ਖੁਸ਼ਹਾਲ ਹੋ ਰਿਹਾ ਹੈ ਉਥੇ ਹੀ ਯੁੱਧ ਨਸ਼ਿਆਂ ਵਿੑੁਰੁਧ ਮੁਹਿੰਮ ਨੂੰ ਲੋਕਾਂ ਦੇ ਮਿਲੇ ਭਰਪੂਰ ਸਹਿਯੋਗ ਕਾਰਨ ਕਾਫੀ ਹੱਦ ਤੱਕ ਠੱਲ੍ਹ ਪਈ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ, ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਗੁਲਨੀਤ ਸਿੰਘ ਖੁਰਾਣਾ ਆਈ. ਪੀ. ਐਸ, ਸੁਖਪਾਲ ਸਿੰਘ ਉੱਪ ਮੰਡਲ ਮੈਜਿਸਟਰੇਟ ਮੋਰਿੰਡਾ, ਜਤਿੰਦਰ ਪਾਲ ਸਿੰਘ ਮੱਲ੍ਹੀ ਡੀ. ਐਸ. ਪੀ. ਮੋਰਿੰਡਾ, ਮਨਜੀਤ ਸਿੰਘ ਔਲਖ ਡੀ. ਐਸ. ਪੀ. ਸ੍ਰੀ ਚਮਕੌਰ ਸਾਹਿਬ, ਸਬ ਇੰਸਪੈਕਟਰ ਹਰਜਿੰਦਰ ਸਿੰਘ ਥਾਣਾ ਮੁਖੀ ਸਿਟੀ ਪੁਲਿਸ ਮੋਰਿੰਡਾ, ਇੰਸਪੈਕਟਰ ਕੈਲਾਸ਼ ਬਹਾਦਰ ਥਾਣਾ ਮੁਖੀ ਸਦਰ ਪੁਲਿਸ ਮੋਰਿੰਡਾ ਆਦਿ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਵਦੀਪ ਸਿੰਘ ਟੋਨੀ ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਰੋਪੜ, ਕੇਵਲ ਜੋਸ਼ੀ ਮੜ੍ਹੋਲੀ, ਜਸਵੀਰ ਸਿੰਘ ਖੱਟੜਾ, ਨਿਰਮਲਪ੍ਰੀਤ ਸਿੰਘ ਮਿਹਰਬਾਨ, ਕੇਸਰ ਸਿੰਘ ਸਮਾਣਾ ਸਾਬਕਾ ਸਰਪੰਚ, ਅਤੇ ਮੜ੍ਹੋਲੀ ਕਲਾਂ ਦੇ ਸਰਪੰਚ ਗੁਰਮੀਤ ਸਿੰਘ, ਸਮੁੱਚੀ ਪੰਚਾਇਤ ਅਤੇ ਪਤਵੰਤੇ ਹਾਜਰ ਸਨ।

# ਟਿਕਾਊ ਆਮਦਨ ਲਈ ਸੰਯੁਕਤ ਖੇਤੀਬਾੜੀ ਪ੍ਰਣਾਲੀ ਮਾਡਲ ਅਪਣਾਉਣ ਦੀ ਲੋੜ - ਡਾ. ਤਰਸੇਮ ਸਿੰਘ ਢਿੱਲੋਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਸੰਗਰੂਰ, 21 ਜੂਨ (ਜਗਸੀਰ ਲੌਂਗੋਵਾਲ)-

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਧੀਕ ਨਿਰਦੇਸ਼ਕ ਪਸਾਰ ਸਿੱਖਿਆ ਡਾ. ਤਰਸੇਮ ਸਿੰਘ ਢਿੱਲੋਂ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵਿਖੇ ਬੱਕਰੀ ਪਾਲਣ ਦੇ ਕਿੱਤਾਮੁਖੀ ਸਿਖਲਾਈ ਕੋਰਸ ਦੇ ਸਮਾਪਤੀ ਸਮਾਰੋਹ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਜਿਸ ਦੌਰਾਨ ਉਹਨਾਂ ਕਿਸਾਨ ਵੀਰਾਂ ਨਾਲ ਖੇਤੀਬਾੜੀ ਵਿੱਚ ਸਹਾਇਕ ਧੰਦਿਆਂ ਦੀ ਮਹਤੱਤਾ ਬਾਰੇ ਵਿਚਾਰ ਸਾਂਝੇ ਕੀਤੇ। ਉਹਨਾਂ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਿਲ ਕਿਸਾਨ ਵੀਰਾਂ, ਨੌਜਵਾਨਾਂ ਅਤੇ ਬੀਬੀਆਂ ਨੂੰ ਖਾਸਤੌਰ ਤੇ ਜਿਹਨਾਂ ਕੋਲ ਜ਼ਮੀਨ ਘੱਟ ਹੈ, ਸੰਯੁਕਤ ਖੇਤੀਬਾੜੀ ਪ੍ਰਣਾਲੀ ਮਾਡਲ ਅਪਣਾਉਣ ਦ ਸੁਝਾਅ






ਦਿੱਤਾ। ਇਸ ਮਾਡਲ ਵਿੱਚ ਖੇਤੀ ਫ਼ਸਲਾਂ, ਬਾਗਬਾਨੀ ਅਤੇ ਪਸ਼ੂ ਪਾਲਣ ਦੇ ਸੁਮੇਲ ਨਾਲ ਥੋੜ੍ਹੇ ਰਕਬੇ ਚੋਂ ਟਿਕਾਊ ਅਤੇ ਨਿਯਮਤ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਉਹਨਾਂ ਸਿਖਿਆਰਥੀਆਂ ਨੂੰ ਘਰ ਦੀ ਲੋੜ ਅਨੁਸਾਰ ਦਾਲਾਂ, ਤੇਲਬੀਜ, ਫਲ ਅਤੇ ਸਬਜ਼ੀਆਂ ਵੀ ਆਪਣੇ ਖੇਤਾਂ ਵਿੱਚ ਹੀ ਪੈਦਾ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਉਹਨਾਂ ਫ਼ਸਲੀ ਵਿਭਿੰਨਤਾ ਲਈ ਝੋਨੇ ਦੇ ਬਦਲ ਵਜੋਂ ਨਰਮਾ, ਮੱਕੀ ਅਤੇ ਮੂੰਗਫ਼ਲੀ ਹੇਠ ਰਕਬਾ ਵਧਾਉਣ ਦੀ ਗੱਲ ਵੀ ਕੀਤੀ। ਡਾ. ਢਿੱਲੋਂ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਫਾਰਮ ਉੱਤੇ ਝੋਨੇ ਦੀ ਮੈਟ ਟਾਈਪ ਪਨੀਰੀ ਦੀ ਤਿਆਰੀ, ਕਪਾਹ, ਨਰਮਾ, ਸਣ ਅਤੇ ਸਬਜ਼ੀਆਂ ਦੇ ਖੋਜ ਤਜ਼ਰਬਿਆਂ ਦਾ ਵੀ ਨਿਰੀਖਣ ਕੀਤਾ ਗਿਆ। ਉਹਨਾਂ ਵਲੋਂ ਮੱਕੀ ਅਤੇ ਹਲਦੀ ਦੇ ਬੀਜ ਉਤਪਾਦਨ ਦਾ ਵੀ ਮੁਆਇਆ ਕੀਤਾ ਗਿਆ। ਇਸ ਤੋਂ ਇਲਾਵਾ ਉਹਨਾਂ ਪਿੰਡ ਦੇਹਕਲਾਂ ਵਿਖੇ ਅਗਾਂਹਵਧੂ ਕਿਸਾਨ ਸ. ਬਚਿੱਤਰ ਸਿੰਘ ਗਰਚਾ ਦੇ ਸੋਇਆਬੀਨ ਪ੍ਰੋਸੈਸਿੰਗ ਯੂਨਿਟ ਅਤੇ ਪਿੰਡ ਬਡਲਾ ਵਿਖੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਲਗਵਾਈ ਬਹਾਰ ਰੁੱਤ ਦੀ ਮੂੰਗਫ਼ਲੀ ਦੀ ਪ੍ਰਦਰਸ਼ਨੀ ਦਾ ਦੌਰਾ ਕੀਤਾ ਗਿਆ ਅਤੇ ਕਿਸਾਨਾਂ ਨਾਲ ਖੇਤੀ ਸੱਮਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਡਾ. ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਕਿਸਾਨ ਵੀਰਾਂ ਅਤੇ ਬੀਬੀਆਂ ਨਾਲ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਿਖਲਾਈ ਪ੍ਰੋਗਰਾਮਾਂ ਅਤੇ ਪਸਾਰ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਸਾਉਣੀ ਰੁੱਤ ਦੇਰਾਨ ਝੋਨੇ ਦੀ ਮਸ਼ੀਨੀ ਲਵਾਈ ਲਈ ਮੈਟ ਟਾਈਪ ਨਰਸਰੀ, ਝੋਨੇ ਦੀ ਸਿੱਧੀ ਬਿਜਾਈ, ਝੋਨੇ ਦੀਆਂ ਘੱਟ ਸਮੇਂ ਦੀਆਂ ਕਿਸਮਾਂ ਅਤੇ ਬਰਸਾਤ ਰੁੱਤ ਦੀ ਮੱਕੀ ਦੀਆਂ ਪ੍ਰਦਰਸ਼ਨੀਆਂ ਲਗਵਾਈਆਂ ਜਾ ਰਹੀਆਂ ਹਨ। ਇਸ ਮੌਕੇ ਡਾ. ਅਜੈ ਸਿੰਘ, ਡਾ. ਸੁਨੀਲ ਕੁਮਾਰ, ਡਾ. ਵਿਤਸਤਾ, ਡਾ. ਰੁਕਿੰਦਰ ਪ੍ਰੀਤ ਸਿੰਘ ਅਤੇ ਮੈਡਮ ਅਮਰਪ੍ਰੀਤ ਕੌਰ ਵੀ ਹਾਜ਼ਰ ਰਹੇ।

# ਮਾਨ ਸਰਕਾਰ ਬਾਲ ਸੁਰੱਖਿਆ ਪ੍ਰਤੀ ਵਚਨਬੱਧ; Punjab 'ਚ ਬਾਲ ਭਿਖਿਆ ਦੇ ਖ਼ਾਤਮੇ ਲਈ ਸਰਕਾਰ ਦਾ ਸਖ਼ਤ ਐਕਸ਼ਨ, ਬੈਗਰੀ ਐਕਟ 'ਚ ਹੋਵੇਗੀ ਸੋਧ :-ਡਾ ਬਲਜੀਤ ਕੌਰ

## ਟਰੈਫਿਕ ਲਾਈਟਾਂ ਤੇ ਚੌਂਕਾਂ 'ਤੇ ਭੀਖ ਮੰਗਵਾਉਣ ਵਾਲੇ ਰੈਕੇਟਾਂ ਖ਼ਿਲਾਫ਼ ਵਧੇਗੀ ਕਾਰਵਾਈ, ਵਿਸ਼ੇਸ਼ ਟੀਮਾਂ ਹੋਣਗੀਆਂ ਤਾਇਨਾਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ Punjab Government ਜਿੱਥੇ ਬਾਲ ਸੁਰੱਖਿਆ ਪ੍ਰਤੀ ਵਚਨਬੱਧ ਹੈ, ਉਥੇ ਹੀ ਬੱਚਿਆਂ ਨੂੰ ਭੀਖ ਮੰਗਣ ਦੀ ਭੈੜੀ ਸਮਾਜਿਕ ਕੁਰੀਤੀ ਤੋਂ ਬਚਾਉਣ ਲਈ ਬੇਹਦ ਸੰਵੇਦਨਸ਼ੀਲ ਅਤੇ ਸਖ਼ਤ ਰਵੱਈਆ ਅਪਣਾ ਰਹੀ ਹੈ। ਇਸ ਦਿਸ਼ਾ ਵੱਲ ਵੱਡਾ ਕਦਮ ਚੁੱਕਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਐਲਾਨ ਕੀਤਾ ਹੈ ਕਿ ਪੰਜਾਬ ਬੈਗਰੀ ਐਕਟ (1971) ਵਿੱਚ ਸੋਧਾਂ ਕੀਤੀਆਂ ਜਾਣਗੀਆਂ, ਜਿਨ੍ਹਾਂ ਰਾਹੀਂ ਰੇਡ ਲਾਈਟਾਂ ਅਤੇ ਚੌਂਕਾਂ 'ਤੇ ਭੀਖ ਮੰਗਵਾਉਣ ਵਾਲੇ ਰੈਕੇਟਾਂ, ਮਾਪਿਆਂ ਜਾਂ ਸਰਪ੍ਰਸਤਾਂ ਵਿਰੁੱਧ ਸਖ਼ਤ ਸਜ਼ਾਵਾਂ ਅਤੇ ਭਾਰੀ ਜੁਰਮਾਨਿਆਂ ਦਾ ਉਪਬੰਧ ਕੀਤਾ ਜਾਵੇਗਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਰਾਜ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ 'ਚ ਟਰੈਫਿਕ ਲਾਈਟਾਂ ਅਤੇ ਚੌਂਕਾਂ 'ਤੇ ਭੀਖ ਮੰਗਵਾਉਣ ਵਾਲੇ ਗੁਨਾਹਗਾਰ ਰੈਕਟਾਂ ਦਾ ਪਤਾ ਲਗਾਉਣ ਲਈ ਪੁਲਿਸ ਪ੍ਰਸ਼ਾਸਨ ਦੇ ਨਾਲ ਤਾਲਮੇਲ ਕਰਕੇ ਵਿਸ਼ੇਸ਼ ਟੀਮਾਂ ਬਣਾਉਣ ਦਾ ਫੈਸਲਾ ਕੀਤਾ ਹੈ। ਇਹ ਟੀਮਾਂ ਬੱਚਿਆਂ ਨੂੰ ਰੈਸਕਿਊ ਕਰਕੇ ਉਹਨਾਂ ਦੇ ਪੁਨਰਵਾਸ ਲਈ ਸਰਕਾਰੀ ਸਕੀਮਾਂ ਅਧੀਨ ਉਚਿਤ ਇਲਾਜ, ਸਿੱਖਿਆ ਅਤੇ ਰਿਹਾਇਸ਼ ਉਪਲਬਧ ਕਰਵਾਉਣਗੀਆਂ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ, ਮਾਪੇ ਜਾਂ ਸਰਪ੍ਰਸਤ ਬੱਚਿਆਂ ਤੋਂ ਭੀਖ ਮੰਗਵਾਉਂਦੇ ਹੋਏ ਪਾਏ ਜਾਂਦੇ ਹਨ, ਤਾਂ ਉਨ੍ਹਾਂ ਉੱਤੇ ਜੇ.ਜੇ.ਐਕਟ ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਅਜਿਹੇ ਵਿਅਕਤੀ ਸਜ਼ਾ ਦੇ ਭਾਗੀ ਹੋਣਗੇ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਜੁਲਾਈ 2024 ਤੋਂ ਰਾਜ ਦੇ ਸਾਰੇ ਜ਼ਿਲ੍ਹਿਆਂ 'ਚ ਜੇ.ਜੇ.ਐਕਟ ਤਹਿਤ 'ਪ੍ਰੋਜੈਕਟ ਜੀਵਨਜੋਤ' ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਹੁਣ ਤੱਕ 286 ਬੱਚੇ ਰੈਸਕਿਊ ਕੀਤੇ ਗਏ ਹਨ। ਇਨ੍ਹਾਂ ਬੱਚਿਆਂ ਨੂੰ ਹਰ ਤਰ੍ਹਾਂ ਦੀ ਸੁਰੱਖਿਆ, ਦੇਖਭਾਲ ਸਬੰਧੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਡਾ ਬਲਜੀਤ ਕੌਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਵਿੱਚ ਪੰਜਾਬ ਰਾਜ ਦੇ 5 ਵੱਡੇ ਸ਼ਹਿਰਾਂ ਅਮ੍ਰਿਤਸਰ, ਜਲੰਧਰ, ਲੁਧਿਆਣਾ, ਐਸ.ਏ.ਐਸ. ਨਗਰ ਅਤੇ ਬਠਿੰਡਾ 'ਚ ਪਾਇਲਟ ਪ੍ਰੋਜੈਕਟ ('ਪ੍ਰੋਜੈਕਟ ਸਮਾਇਲ') ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਰਾਹੀਂ ਸੜਕਾਂ, ਬਜ਼ਾਰਾਂ 'ਚ ਭੀਖ ਮੰਗਦੇ ਬੱਚਿਆਂ ਦੀ ਪਛਾਣ ਕਰਕੇ ਉਨ੍ਹਾਂ ਦੇ ਡੀ.ਐਨ.ਏ. ਟੈਸਟ ਕਰਵਾਏ ਜਾਣਗੇ, ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਉਹ ਬੱਚੇ ਕਿਸ ਪਰਿਵਾਰ ਦੇ ਨਾਲ ਸਬੰਧਿਤ ਹਨ, ਤਾਂ ਜੋ ਬਾਲ ਤਸਕਰੀ ਜਾਂ ਮਾਨਵ ਵਪਾਰ ਦੇ ਮਾਮਲੇ ਰੋਕੇ ਜਾ ਸਕਣ।



ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਆਪਣੇ-ਆਪਣੇ ਜ਼ਿਲ੍ਹਿਆਂ ਨੂੰ ਭਿਖਿਆ ਮੁਕਤ ਘੋਸ਼ਿਤ ਕਰਵਾਉਣ ਅਤੇ ਇਸ ਮਾਮਲੇ 'ਚ ਲਗਾਤਾਰ ਨਿਗਰਾਨੀ ਕਰਨ ਦੇ ਵੀ ਆਦੇਸ਼ ਜਾਰੀ ਕੀਤੇ ਹਨ।

ਅੰਤ ਵਿੱਚ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਵਚਨਬੱਧਤਾ ਹੈ ਕਿ "ਹਰ ਬੱਚੇ ਦਾ ਭਵਿੱਖ ਸੁਰੱਖਿਅਤ ਹੋਵੇ ਅਤੇ ਬਾਲ ਭਿਖਿਆ ਮੁਕਤ ਪੰਜਾਬ ਬਣਾਉਣਾ ਸਾਡਾ ਮੁੱਖ ਉਦੇਸ਼ ਹੈ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਭੀਖ ਵਰਗੀ ਅਜਿਹੀ ਸਮਾਜਿਕ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਅਤੇ ਬੱਚਿਆਂ ਦਾ ਸੁਨਹਿਰਾ ਭਵਿੱਖ ਬਣਾਉਣ ਵਿੱਚ ਸਰਕਾਰ ਦਾ ਵੱਧ ਤੋਂ ਵੱਧ ਸਹਿਯੋਗ ਕਰਨ ਲਈ ਅੱਗੇ ਆਉਣ।

# 'ਯੁੱਧ ਨਸ਼ਿਆਂ ਵਿਰੁੱਧ' ਦੇ 112 ਵੇਂ ਦਿਨ Punjab Police ਵੱਲੋਂ 117 ਨਸ਼ਾ ਤਸਕਰ ਗ੍ਰਿਫ਼ਤਾਰ; 7.5 ਕਿਲੋ ਹੈਰੋਇਨ ਅਤੇ 39 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ

## ਨਸ਼ਾ ਛੁਡਾਉਣ ਸਬੰਧੀ ਯਤਨਾਂ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ 74 ਵਿਅਕਤੀਆਂ ਨੂੰ ਨਸ਼ਾ ਛੱਡਣ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 112ਵੇਂ ਦਿਨ Punjab Police ਨੇ ਅੱਜ 117 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 7.5 ਕਿਲੋ ਹੈਰੋਇਨ, 500 ਗ੍ਰਾਮ ਅਫੀਮ ਅਤੇ 39,640 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 112 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,524 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ. ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 481 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 84 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 501 ਸ਼ੱਕੀ ਵਿਅਕਤੀਆਂ



ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ – ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) – ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 74 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# 50,000 ਰੁਪਏ ਰਿਸ਼ਵਤ ਲੈਂਦਾ ਰਿਕਵਰੀ ਏਜੰਟ Vigilance Bureau ਨੇ ਕੀਤਾ ਗ੍ਰਿਫ਼ਤਾਰ

## ਪਹਿਲਾਂ ਵੀ 50000 ਰੁਪਏ ਰਿਸ਼ਵਤ ਲੈ ਚੁੱਕਾ ਹੈ ਮੁਲਜ਼ਮ ਏਜੰਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਜੂਨ
INTERNATIONAL PAPER, 94636 01616
hardipchumber57@gmail.com

Punjab Vigilance Bureau ਨੇ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ, ਪੰਜਾਬ ਗ੍ਰਾਮੀਣ ਬੈਂਕ ਨਾਲ ਸਬੰਧਤ ਇੱਕ ਰਿਕਵਰੀ ਏਜੰਟ ਜਤਿੰਦਰ ਪਾਲ ਪਿਪਲਾਨੀ ਨੂੰ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 50000 ਰੁਪਏ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਅੰਮ੍ਰਿਤਸਰ ਦੇ ਛੇਹਰਟਾ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।



ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ ਹੈ ਅਤੇ ਦੱਸਿਆ ਕਿ ਪੰਜਾਬ ਗ੍ਰਾਮੀਣ ਬੈਂਕ ਨੇ ਮਕਾਨ ਕਰਜ਼ੇ ਦੀ ਅਦਾਇਗੀ ਸਮੇਂ ਸਿਰ ਨਾ ਕਰਨ ਕਾਰਨ, ਉਸਦੀ ਜਾਇਦਾਦ ਨੂੰ ਗੈਰ-ਕਾਰਗੁਜ਼ਾਰੀ ਸੰਪਤੀ ਘੋਸ਼ਿਤ ਕਰ ਦਿੱਤਾ ਸੀ ਅਤੇ ਬਕਾਇਆ ਕਰਜ਼ੇ ਦੀ ਰਕਮ ਦੀ ਵਸੂਲੀ ਲਈ ਦੋਸ਼ੀ ਰਿਕਵਰੀ ਏਜੰਟ ਨੂੰ ਰਿਕਵਰੀ ਫਾਈਲ ਸੌਂਪੀ ਦਿੱਤੀ ਸੀ। ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਧਮਕੀ ਦਿੱਤੀ ਸੀ ਕਿ ਉਹ ਪੁਲਿਸ ਪਾਰਟੀ ਨਾਲ ਮਿਲ ਕੇ ਉਸਦੇ ਘਰ 'ਤੇ ਜ਼ਬਰਦਸਤੀ ਕਬਜ਼ਾ ਕਰ ਲਵੇਗਾ ਅਤੇ ਕੇਸ ਨੂੰ ਉਸਦੇ ਹੱਕ ਵਿੱਚ ਨਿਪਟਾਉਣ ਲਈ ਬੈਂਕ ਮੈਨੇਜਰ ਦੇ ਨਾਂ 'ਤੇ 2,00,000 ਰੁਪਏ ਦੀ ਰਿਸ਼ਵਤ ਮੰਗੀ ਹੈ। ਸ਼ਿਕਾਇਤਕਰਤਾ ਨੇ ਅੱਗੇ ਕਿਹਾ ਕਿ ਉਕਤ ਏਜੰਟ ਉਸ ਕੋਲੋਂ ਪਹਿਲੀ ਕਿਸ਼ਤ ਵਜੋਂ 50,000 ਰੁਪਏ ਪਹਿਲਾਂ ਹੀ ਲੈ ਚੁੱਕਾ ਹੈ ਅਤੇ ਹੁਣ ਬੈਂਕ ਮੈਨੇਜਰ ਲਈ ਬਾਕੀ 1,50,000 ਰੁਪਏ ਰਿਸ਼ਵਤ ਦੀ ਰਕਮ ਦੇਣ ਲਈ ਦਬਾਅ ਪਾ ਰਿਹਾ ਹੈ।

